ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000



ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

Vol: 12 No: 270 Website : www.punjabiakhbaar.ca Email: editor@punjabiakhbaar.ca Friday, 20 June 2025

## ਲਿਬਰਲ ਐਮਪੀ ਸੁੱਖ ਧਾਲੀਵਾਲ ਨੇ ਕਾਰਨੀ ਨਾਲ ਮੁਲਾਕਾਤ ਦੌਰਾਨ ਮੋਦੀ ਨੂੰ ਜੀ-7 ਵਿੱਚ ਸੱਦਣ ਦੀ ਕੀਤੀ ਨਿੰਦਾ



ਸਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਸੀ ਤੋਂ ਲਿਬਰਲ ਐਮਪੀ ਸੁੱਖ ਧਾਲੀਵਾਲ ਨੇ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਮੁਲਾਕਾਤ ਕਰਕੇ ਐਲਬਰਟਾ ਵਿੱਚ ਹੋਣ ਵਾਲੇ ਜੀ-7 ਸੰਮੇਲਨ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਦਾ ਦੇਣ ਦੇ ਫੈਸਲੇ ਵਿਰੁੱਧ ਇਤਰਾਜ਼ ਜਤਾਇਆ ਸੀ। ਉਸ ਮੀਟਿੰਗ ਤੋਂ ਪਹਿਲਾਂ ਕੈਨੇਡੀਅਨ ਪ੍ਰੈੱਸ ਨਾਲ ਇੱਕ ਇੰਟਰਵਿਊ ਦੌਰਾਨ ਧਾਲੀਵਾਲ ਨੇ ਦੱਸਿਆ ਕਿ ਉਨ੍ਹਾਂ ਨੇ ਸੈਂਕੜਿਆਂ ਲੋਕਾਂ ਨਾਲ ਗੱਲ ਕੀਤੀ ਜੋ ਚਾਹੁੰਦੇ ਨਹੀਂ ਕਿ ਮੋਦੀ ਕੈਨੇਡਾ ਆਉਣ, ਅਤੇ ਉਨ੍ਹਾਂ ਲੋਕਾਂ ਵਿੱਚ ਕੁੱਝ ਲਿਬਰਲ ਕੌਕਸ ਦੇ ਮੈਂਬਰ ਵੀ ਹਨ। ਧਾਲੀਵਾਲ ਨੇ ਕਿਹਾ,ਕਿ ਅਸੀਂ ਕੈਨੇਡੀਅਨ ਹੋਣ ਦੇ ਨਾਤੇ ਮਨੁੱਖੀ ਅਧਿਕਾਰਾਂ ਦੇ ਰਖਵਾਲੇ ਹੋਣ 'ਤੇ ਮਾਣ ਮਹਿਸੂਸ ਕਰਦੇ ਹਾਂ। ਅਸੀਂ ਕਾਨੂੰਨ ਅਤੇ ਇਨਸਾਫ਼ ਪਸੰਦ ਦੇਸ ਦੇ ਵਾਸੀ ਹਾਂ। ਜਦੋਂ ਗੱਲ ਬੁਨਿਆਦੀ ਅਧਿਕਾਰਾਂ ਦੀ ਰਾਖੀ ਅਤੇ ਪੀੜਤਾਂ ਲਈ ਇਨਸਾਫ਼ ਦੇਣ ਦੀ ਹੁੰਦੀ ਹੈ, ਤਾਂ ਇਹ ਕਿਸੇ ਤਰ੍ਹਾਂ ਵੀ ਸਮਝੌਤਾ ਯੋਗ ਨਹੀਂ ਹੁੰਦਾ।ਪਿਛਲੇ ਸਾਲ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟ੍ਰੂਡੋ ਅਤੇ ਆਰਸੀਐਮਪੀ ਨੇ ਲਗਭਗ ਦੋ ਸਾਲ ਪਹਿਲਾਂ ਸਰੀ ਵਿੱਚ ਇੱਕ ਕੈਨੇਡੀਅਨ ਸਿੱਖ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨਾਲ ਭਾਰਤੀ ਸਰਕਾਰ ਦੇ ਏਜੰਟਾਂ ਨੂੰ ਜੋੜਿਆ ਸੀ। ਧਾਲੀਵਾਲ, ਉਸ ਹਲਕੇ ਦੀ ਨੁਮਾਇੰਦਗੀ ਕਰਦੇ ਹਨ ਜਿੱਥੇ ਨਿੱਝਰ ਦੀ ਹੱਤਿਆ ਹੋਈ ਸੀ। ਪਿਛਲੇ ਅਕਤੂਬਰ ਵਿੱਚ, ਆਰਸੀਐਮਪੀ ਦੇ ਕਮਿਸ਼ਨਰ ਮਾਈਕ ਡੂਹੀਮ ਨੇ ਕਿਹਾ ਸੀ ਕਿ ਉਹਨਾਂ ਦੀ ਪੁਲਿਸ ਕੋਲ ਕੈਨੇਡਾ ਵਿੱਚ ਵਾਪਰ ਰਹੀਆਂ ਹੋਰ ਅਪਰਾਧਕ ਗਤੀਵਿਧੀਆਂ, ਜਿਹਨਾਂ ਵਿੱਚ ਕਤਲ ਅਤੇ ਜਬਰਨ ਵਸੂਲੀ ਵੀ ਸ਼ਾਮਲ ਹਨ, ਨੂੰ ਭਾਰਤ ਸਰਕਾਰ ਦੇ ਅਧਿਕਾਰੀਆਂ ਨਾਲ ਜੋੜਣ ਵਾਲੇ ਸਬੂਤ ਮੌਜੂਦ ਹਨ। ਜਸਟਿਸ ਮੈਰੀ ਹੌਗ, ਜਿਨ੍ਹਾਂ ਨੇ ਪਿਛਲੇ ਸਾਲ ਵਿਦੇਸ਼ੀ ਦਖਲਅੰਦਾਜ਼ੀ 'ਤੇ ਜਨਤਕ ਜਾਂਚ ਕਮੀਸ਼ਨ ਦੀ ਅਗਵਾਈ ਕੀਤੀ ਸੀ, ਨੇ ਆਪਣੀ ਰਿਪੋਰਟ ਵਿੱਚ ਦੱਸਿਆ ਸੀ ਕਿ ਚੀਨ ਅਤੇ ਭਾਰਤ ਕੈਨੇਡਾ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਵਿਦੇਸ਼ੀ ਦਖ਼ਲਅੰਦਾਜ਼ੀ ਦੀਆਂ ਗਤੀਵਿਧੀਆਂ ਵਿੱਚ ਮੋਹਰੀ ਹਨ। ਕੈਨੇਡਾ ਚ ਜੀ-7 ਸੰਮੇਲਨ ਲਈ ਭਾਰਤੀ ਪ੍ਰਧਾਨ ਮੰਤਰੀ ਨੂੰ ਸੱਦੇ ਜਾਣ 'ਤੇ ਬੀਸੀ ਦਾ ਸਿੱਖ ਭਾਈਚਾਰਾ ਨਾਰਾਜ਼ ਹੈ ਧਾਲੀਵਾਲ ਨੇ ਕਿਹਾ ਕਿ ਉਨ੍ਹਾਂ ਨੇ ਹਫ਼ਤਾਵਾਰੀ ਲਿਬਰਲ ਕੌਕਸ ਮੀਟਿੰਗ ਤੋਂ ਪਹਿਲਾਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਆਪਣੀ ਹਲਕੇ ਦੀਆਂ ਚਿੰਤਾਵਾਂ ਸਾਂਝੀਆਂ ਕੀਤੀਆਂ। ਬੀਸੀ ਤੋਂ ਇੱਕ ਹੋਰ ਲਿਬਰਲ ਐਮਪੀ ਗੁਰਬਖ਼ਸ਼ ਸੈਣੀ ਨੇ ਕਿਹਾ ਕਿ ਮੋਦੀ ਨੂੰ ਜੀ-7 ਲਈ ਸੱਦਾ ਦੇਣ ਅਤੇ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੂੰ ਸੰਭਾਵਿਤ ਸੱਦਾ ਦੇਣ ਦੇ ਫੈਸਲੇ ਨਾਲ ਕੈਨੇਡਾ ਦੀ ਮਨੁੱਖੀ ਅਧਿਕਾਰਾਂ ਦੇ ਵੱਡੇ ਹਿਮਾਇਤੀ ਦੇ ਤੌਰ 'ਤੇ ਬਣੇ ਅਕਸ ਨੂੰ ਨੁਕਸਾਨ ਪਹੁੰਚ ਰਿਹਾ ਹੈ। ਅੰਤਰਰਾਸ਼ਟਰੀ ਵਪਾਰ ਮੰਤਰੀ ਮਨਿੰਦਰ ਸਿੱਧੂ ਨੇ ਕਿਹਾ ਕਿ ਕੁੱਝ ਹਲਕਿਆਂ ਤੋਂ ਉਨ੍ਹਾਂ ਕੋਲ ਲੀਡਰਾਂ ਨੂੰ ਦਿੱਤੇ ਸੱਦਿਆਂ ਬਾਰੇ ਚਿੰਤਾਵਾਂ ਆਈਆਂ ਹਨ।ਸਿੱਧੂ ਨੇ ਕੌਕਸ ਰੂਮ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਕਿਹਾ, ਪਰ ਮੇਰੇ ਖਿਆਲ ਵਿੱਚ ਇਹ ਗੱਲ ਮਹੱਤਵਪੂਰਨ ਹੈ ਕਿ ਮੌਜੂਦਾ ਸਮੇਂ, ਜਦੋਂ ਸੰਕਟ ਦੀ ਸਥਿਤੀ ਬਣੀ ਹੋਈ ਹੈ, ਅਸੀਂ ਸਹਿਯੋਗ ਕਰ ਸਕੀਏ ਅਤੇ ਕੁੱਝ ਮੁੱਦਿਆਂ ਦਾ ਹੱਲ ਕੱਢੀਏ। ਪਰ ਸਿੱਧੂ ਨੇ ਜਿਸ ਸੰਕਟ ਦੀ ਗੱਲ ਕੀਤੀ, ਉਹ ਅਮਰੀਕਾ ਨਾਲ ਚੱਲ ਰਹੀ ਟੈਰਿਫ਼ ਲੜਾਈ ਨੂੰ ਲੈ ਕੇ ਸੀ।

## ਫਿਰੌਤੀ, ਲੁੱਟ, ਚੋਰੀ ਤੇ ਧੋਖਾਧੜੀ ਦੇ ਦੋਸ਼ 'ਚ 16 ਭਾਰਤੀ ਗ੍ਰਿਫ਼ਤਾਰ



ਰੀਜ਼ਾਇਨਾ (ਪੰਜਾਬੀ ਅਖਬਾਰ ਬਿਊਰੋ)- ਪੀਲ ਪੁਲੀਸ ਨੇ ਪ੍ਰੋਜੈਕਟ ਆਊਟਸੋਰਸ ਅਧੀਨ ਲੰਮੀ ਜਾਂਚ ਪੜਤਾਲ ਤੋਂ ਬਾਅਦ ਫਿਰੌਤੀਆਂ, ਲੁੱਟਮਾਰ, ਚੋਰੀਆਂ ਤੇ ਧੋਖਾਧੜੀ ਕਰਨ ਵਾਲੇ ਦੋ ਗਰੋਹਾਂ ਦੇ 18 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿਚ 16 ਭਾਰਤੀ ਮੂਲ ਦੇ ਅਤੇ ਇੱਕ ਔਰਤ ਸ਼ਾਮਲ ਹੈ। ਇਨ੍ਹਾਂ ਤੋਂ ਕਰੀਬ 27 ਕਰੋੜ ਰੁਪਏ (42 ਲੱਖ ਡਾਲਰ) ਦਾ ਸਮਾਨ ਬਰਾਮਦ ਕੀਤਾ ਗਿਆ, ਜੋ ਇਨ੍ਹਾਂ ਨੇ ਵੱਖ ਵੱਖ ਅਪਰਾਧ ਕਰ ਕੇ ਇਕੱਠਾ ਕੀਤਾ ਸੀ।

ਪੀਲ ਅਤੇ ਛੇ ਹੋਰਨਾਂ ਖੇਤਰਾਂ ਵਿੱਚ ਦਰਜ 97 ਅਪਰਾਧਿਕ ਮਾਮਲਿਆਂ ਵਿੱਚ ਨਾਮਜ਼ਦ ਕਰਕੇ ਦੋਸ਼ ਪੱਤਰ ਤਿਆਰ ਕੀਤਾ ਗਿਆ ਹੈ। ਕਾਬੂ ਕੀਤੇ ਗਏ ਡੇਢ ਦਰਜਨ ਮੁਲਜ਼ਮਾਂ ਵਿਚੋਂ ਅੱਧੇ ਕੁ ਪਹਿਲਾਂ ਹੀ ਹੋਰਨਾਂ ਅਪਰਾਧਿਕ ਮਾਮਲਿਆਂ ਵਿਚ ਜ਼ਮਾਨਤ 'ਤੇ ਸਨ। ਜਾਂਚ ਪੂਰੀ ਹੋਣ ਤੱਕ ਉਨ੍ਹਾਂ ਤੋਂ ਹੋਰ ਪੁੱਛਗਿੱਛ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਪੁਲੀਸ ਚੀਫ ਨਿਸ਼ਾਨ ਦੁਰੈਫਾ ਨੇ ਭਰੋਸਾ ਪ੍ਰਗਟਾਇਆ ਹੈ ਕਿ ਗਰੋਹ ਦੇ ਮੈਂਬਰਾਂ ਦੀ ਗ੍ਰਿਫਤਾਰੀ ਤੋਂ ਬਾਅਦ ਵਾਹਨ ਚੋਰੀ ਅਤੇ ਨਜਾਇਜ਼ ਬੀਮਾ ਕਲੇਮ ਘਟਣਗੇ। ਕਾਬੂ ਕੀਤੇ ਭਾਰਤੀ ਮੂਲ ਦੇ ਮੁਲਜ਼ਮਾਂ ਦੀ ਪਛਾਣ ਗਰੋਹ ਦੇ ਮੁਖੀ ਇੰਦਰਜੀਤ ਧਾਮੀ (38), ਪ੍ਰੀਤੋਸ਼ ਚੋਪੜਾ (32), ਗੁਰਬਿੰਦਰ ਸਿੰਘ (28), ਕੁਲਵਿੰਦਰ ਪੁਰੀ (25), ਪਰਮਿੰਦਰ ਪੁਰੀ (31), ਇੰਦਰਜੀਤ ਬੱਲ (29), ਵਰੁਣ ਔਲ (31), ਕੇਤਨ ਚੋਪੜਾ (30), ਪਵਨਦੀਪ ਸਿੰਘ (25), ਦਿਪਾਂਸ਼ੂ ਗਰਗ (24), ਰਾਹੁਲ ਵਰਮਾ (27), ਕਰਨ ਬੋਪਾਰਾਏ (26), ਮਨਕੀਰਤ ਬੋਪਾਰਾਏ (22), ਸਿਮਰ ਬੋਪਾਰਾਏ (21), ਜੋਵਨ ਸਿੰਘ (23) ਤੇ ਅਭਿਨਵ ਭਾਰਦਵਾਜ (25) ਵਜੋਂ ਦੱਸੀ ਗਈ ਹੈ। ਇਹ ਸਾਰੇ ਬਰੈਂਪਟਨ ਵਾਸੀ ਹਨ। ਜਾਣਕਾਰੀ ਅਨੁਸਾਰ ਫੜੇ ਗਏ ਮੁਲਜ਼ਮਾਂ 'ਚੋਂ ਕੁਝ ਸਮਾਜਿਕ ਸੇਵਾਦਾਰ ਵਜੋਂ ਵਿਚਰਦੇ ਸਨ। ਉਹ ਅਕਸਰ ਲੰਗਰ ਲਾਉਂਦੇ ਅਤੇ ਆਪਣੇ ਸੋਸ਼ਲ ਮੀਡੀਆ ਖਾਤਿਆਂ 'ਤੇ ਵੀਡੀਓ ਪਾਉਂਦੇ ਸਨ। ਪੁਲੀਸ ਅਧਿਕਾਰੀ ਅਨੁਸਾਰ ਇਨ੍ਹਾਂ ਤੋਂ 18 ਟੋਅ ਟਰੱਕ, 4 ਮਹਿੰਗੀਆਂ ਲਗਜ਼ਰੀ ਕਾਰਾਂ, 5 ਹੋਰ ਵਾਹਨ, 6 ਨਜਾਇਜ਼ ਬੰਦੂਕਾਂ, 2 ਬੁਲੇਟ ਪਰੂਫ ਜੈਕਟਾਂ ਸਮੇਤ ਕਈ ਛੋਟੇ ਮਾਰੂ ਹਥਿਆਰ ਅਤੇ 586 ਗੋਲੀਆਂ ਸਮੇਤ 45 ਹਜ਼ਾਰ ਡਾਲਰ ਦੀ ਨਕਦੀ ਬਰਾਮਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਦੋਵੇਂ ਗਰੋਹ ਸਰਟੀਫਾਈਡ ਰੋਡਸਾਈਡ ਅਤੇ ਹੰਬਲ ਰੋਡਸਾਈਡ ਨਾਂਅ ਦੀਆਂ ਟੋਅ ਕੰਪਨੀਆਂ ਚਲਾਉਂਦੇ ਸਨ ਤੇ ਟੋਅ ਕੀਤੇ ਵਾਹਨ ਦਾ ਰਸਤੇ 'ਚ ਐਕਸੀਡੈਂਟ ਦਿਖਾ ਕੇ ਲੱਖਾਂ ਡਾਲਰਾਂ ਦਾ ਕਲੇਮ ਲੈਣ ਵਿੱਚ ਸਫਲ ਹੁੰਦੇ ਰਹੇ।

## 61 ਸਾਲਾ ਸ਼ਰਮਾ ਨੂੰ $149 ਮਿਲੀਅਨ ਦੇ ਸਿਹਤ ਸੰਭਾਲ ਧੋਖਾਧੜੀ ਦੇ ਮਾਮਲੇ ਵਿੱਚ ਫੜਿਆ

ਰੀਜ਼ਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਮੂਲ ਦੇ ਫ਼ਾਰਮਾ ਕਾਰੋਬਾਰੀ ਤਨਮਯ ਸ਼ਰਮਾ ਨੂੰ $149 ਮਿਲੀਅਨ ਦੇ ਸਿਹਤ ਸੰਭਾਲ ਧੋਖਾਧੜੀ ਦੇ ਮਾਮਲੇ ਵਿੱਚ ਅਮਰੀਕਾ ਦੇ ਲਾਸ ਏਂਜਲਸ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਉਹ ਸੋਵਰੇਨ ਹੈਲਥ ਗਰੁੱਪ ਨਾਮਕ ਨਸ਼ਾਖੋਰੀ ਅਤੇ ਮਾਨਸਿਕ ਸਿਹਤ ਸੇਵਾ ਸੰਸਥਾ ਦੇ ਸੰਸਥਾਪਕ ਅਤੇ ਸਾਬਕਾ ਸੀਈਓ ਹਨ। ਇਹ ਸੰਸਥਾ ਹੁਣ ਬੰਦ ਹੋ ਚੁੱਕੀ ਹੈ। ਅਮਰੀਕੀ ਨਿਆਂ ਵਿਭਾਗ ਦੇ ਅਨੁਸਾਰ, 61 ਸਾਲਾ ਸ਼ਰਮਾ ਨੇ ਸਿਹਤ ਬੀਮਾ ਕੰਪਨੀਆਂ ਨਾਲ ਧੋਖਾ ਕਰਕੇ ਲਗਭਗ 149 ਮਿਲੀਅਨ ਡਾਲਰ ਦੇ ਧੋਖਾਧੜੀ ਵਾਲੇ ਦਾਅਵੇ ਕੀਤੇ। ਇਸ ਤੋਂ ਇਲਾਵਾ, ਮਰੀਜ਼ਾਂ ਨੂੰ ਭਰਤੀ ਕਰਨ ਲਈ 21 ਮਿਲੀਅਨ ਡਾਲਰ ਦੀ ਗੈਰ-ਕਾਨੂੰਨੀ ਰਿਸ਼ਵਤ ਦਿੱਤੀ ਗਈ ਸੀ। ਫੈਡਰਲ ਗ੍ਰੈਂਡ ਜਿਊਰੀ ਦੁਆਰਾ ਜਾਰੀ ਅੱਠ-ਨੁਕਾਤੀ ਦੋਸ਼-ਪੱਤਰ ਵਿੱਚ, ਸ਼ਰਮਾ 'ਤੇ ਵਾਇਰ ਧੋਖਾਧੜੀ ਦੇ ਚਾਰ, ਸਾਜ਼ਿਸ਼ ਦਾ ਇੱਕ ਅਤੇ ਗੈਰ-ਕਾਨੂੰਨੀ ਰੈਫਰਲ ਦੇ ਤਿੰਨ ਦੋਸ਼ ਲਗਾਏ ਗਏ ਹਨ। ਐਫ਼ਬੀਆਈ ਟੀਮ 2017 ਤੋਂ ਇਸ ਮਾਮਲੇ ਦੀ ਜਾਂਚ ਕਰ ਰਹੀ ਸੀ। ਇਸ ਤਹਿਤ ਦੱਖਣੀ ਕੈਲੀਫੋਰਨੀਆ ਵਿੱਚ ਸਾਵਰੇਨ ਹੈਲਥ ਦੇ ਇਲਾਜ ਕੇਂਦਰਾਂ, ਹੈੱਡਕੁਆਰਟਰ ਅਤੇ ਸ਼ਰਮਾ ਦੇ ਨਿਵਾਸ ਸਥਾਨ 'ਤੇ ਵੀ ਛਾਪੇਮਾਰੀ ਕੀਤੀ ਗਈ। ਸੰਗਠਨ ਨੇ 2018 ਵਿੱਚ ਆਪਣਾ ਕੰਮਕਾਜ ਬੰਦ ਕਰ ਦਿੱਤਾ ਸੀ।

## ਫਿਰੌਤੀਆਂ ਮੰਗਣ ਵਾਲੇ 13 ਫੜੇ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਮਾਂਟਰੀਅਲ ਪੁਲਿਸ ਨੇ ਸਥਾਨਕ ਰੈਸਟੋਰੈਂਟਾਂ ਤੋਂ ਕਥਿੱਤ ਜਬਰਨ ਵਸੂਲੀ ਦੀਆਂ ਵਾਰਦਾਤਾਂ ਕਰਨ ਵਾਲਿਆਂ ਖਿਲਾਫ਼ ਵੱਡੀ ਕਾਰਵਾਈ ਕਰਦਿਆਂ 13 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਅਤੇ ਹਥਿਆਰ ਜ਼ਬਤ ਕੀਤੇ।ਇਨ੍ਹਾਂ ਗ੍ਰਿਫ਼ਤਾਰੀਆਂ ਲਈ 150 ਤੋਂ ਵੱਧ ਅਧਿਕਾਰੀਆਂ ਨੇ ਕਿਊਬੈਕ ਸੂਬਾਈ ਪੁਲਿਸ ਦੀ ਸਹਾਇਤਾ ਨਾਲ ਵੱਖ ਵੱਖ ਥਾਵਾਂ 'ਤੇ ਛਾਪੇ ਮਾਰੇ। ਇਹ ਕਾਰਵਾਈ,ਪਿਛਲੇ ਕੁੱਝ ਮਹੀਨਿਆਂ ਵਿੱਚ ਗ੍ਰੇਟਰ ਮਾਂਟਰੀਅਲ ਖੇਤਰ ਦੇ ਕਈ ਰੈਸਟੋਰੈਂਟਾਂ ਨੂੰ ਕਥਿਤ ਅੱਗਜ਼ਨੀ ਅਤੇ ਹੋਰ ਹਿੰਸਕ ਕਾਰਵਾਈਆਂ ਦੁਆਰਾ ਨਿਸ਼ਾਨਾ ਬਣਾਏ ਜਾਣ ਤੋਂ ਬਾਅਦ ਕੀਤੀ ਗਈ ਹੈ। ਪੁਲਿਸ ਦੁਆਰਾ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ13 ਜਣਿਆਂ ਵਿੱਚੋਂ ਤਿੰਨ ਸਿੱਧੇ ਜਬਰਨ ਵਸੂਲੀ ਦੀਆਂ ਕੋਸ਼ਿਸ਼ਾਂ ਨਾਲ ਜੁੜੇ ਹੋਏ ਸਨ ਜੋ ਡਾਊਨਟਾਊਨ ਦੇ ਰੈਸਟੋਰੈਂਟਾਂ ਦੇ ਮਾਲਕਾਂ ਨੂੰ ਨਿਸ਼ਾਨਾ ਬਣਾਉਂਦੇ ਸਨ। ਪੁਲਿਸ ਦਾ ਕਹਿਣਾ ਹੈ ਕਿ ਤਿੰਨ ਮੁੱਖ ਸ਼ੱਕੀ, 25, 34 ਅਤੇ 39 ਸਾਲਾ ਵਿਅਕਤੀ, ਡੀ ਬਲੂਰੀ ਸਟਰੀਟ ਦੇ ਨੇੜੇ ਸੇਂਟ-ਕੈਥਰੀਨ ਸਟਰੀਟ ਵੈਸਟ 'ਤੇ ਇੱਕ ਰੈਸਟੋਰੈਂਟ ਵਿੱਚ ਹੋਈ ਗੋਲੀਬਾਰੀ ਵਿੱਚ ਸਿੱਧੇ ਤੌਰ 'ਤੇ ਸ਼ਾਮਿਲ ਸਨ।

























# ਤਰਕਸ਼ੀਲ ਸੋਸਾਇਟੀ ਕੈਲਗਰੀ ਵੱਲੋਂ ਸਿਹਤ ਸੰਭਾਲ ਸੈਮੀਨਾਰ ਕਰਵਾਇਆ ਗਿਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੀ 8 ਜੂਨ 2025 ਨੂੰ ਤਰਕਸ਼ੀਲ਼ ਸੋਸਾਇਟੀ ਕੈਲਗਰੀ ਵੱਲੋਂ ਇੱਕ ਸਿਹਤ ਸਬੰਧੀ ਸੈਮੀਨਾਰ ਕਰਵਾਇਆ ਗਿਆ। ਸਮਾਗਮ ਦੇ ਸ਼ੁਰੂਆਤ ਦੇ ਵਿੱਚ ਤਰਕਸ਼ੀਲ ਸੁਸਾਇਟੀ ਕੈਲਗਰੀ ਦੇ ਪ੍ਰਧਾਨ ਦਰਸ਼ਨ ਔਜਲਾ ਵੱਲੋਂ ਹਾਜਰੀਨ ਨੂੰ ਜੀ ਆਇਆ ਆਖਣ ਉਪਰੰਤ ਤਰਕਸ਼ੀਲ ਸੋਸਾਇਟੀ ਕੈਨੇਡਾ ਦੇ ਜਨਰਲ ਸੈਕਟਰੀ ਬੀਰਬਲ ਭਦੌੜ ਜੀ ਨੇ ਟੂਣੇ ਟਾਮਣ ਜਾਂ ਧਾਗੇ ਤਵੀਤ ਬਾਰੇ ਖੁੱਲ ਕੇ ਆਪਣੇ ਵਿਚਾਰ ਰੱਖੇ , ਉਹਨਾਂ ਨੇ ਆਖਿਆ ਕਿ ਆਪਾਂ ਸਾਰੇ ਹੀ ਪੰਜਾਬੀਆਂ ਨੂੰ ਇਹਨਾਂ ਬਾਰੇ ਬਹੁਤ ਜਾਗਰੂਕ ਹੋਣਾ ਚਾਹੀਦਾ ਹੈ।ਪੁਰਾਣੇ ਸਮਿਆਂ ਦੇ ਵਿੱਚ ਜੋ ਟੂਣੇ ਰਸਤਿਆਂ ਦੇ ਵਿੱਚ ਕੀਤੇ ਜਾਂਦੇ ਸਨ ਉਹਨਾਂ ਦਾ ਕੋਈ ਮਤਲਬ ਹੁੰਦਾ ਸੀ । ਕਿਤੇ ਚਾਰ ਖੂੰਜੇ ,ਕਿਤੇ ਸੱਤ ਖੂੰਜੇ। ਉਸ ਟਾਈਮ ਤੇ ਜੋ ਵੈਦ ਸਨ ਉਹ ਬਹੁਤ ਥੋੜੇ ਹੁੰਦੇ ਸਨ, ਇਸ ਨੂੰ ਦੇਖ ਕੇ ਵੈਦ ਉਹਨਾਂ ਦੇ ਪਿੰਡਾਂ ਜਾ ਕੇ ਉਹਨਾਂ ਦਾ ਇਲਾਜ ਕਰਿਆਂ ਕਰਦੇ ਸਨ। ਇਹ ਇੱਕ ਉਸ ਟਾਈਮ ਤੇ ਸੰਕੇਤ ਸੀ ਜਿਹੜਾ ਕਿ ਹੁਣ ਬਾਅਦ ਦੇ ਵਿੱਚ ਲੋਕ ਇਸ ਨੂੰ ਟੂਣਾ ਮੰਨਣ ਕਰਕੇ ਅਤੇ ਇਸ ਦੇ ਡਰ ਕਰਕੇ ਸਾਧ ਸੰਤਾ ਤੋਂ ਲੁੱਟ ਕਸੁੱਟ ਕਰਵਾ ਰਹੇ ਹਨ । ਪੰਜਾਬੀਆਂ ਨੂੰ ਇਸ ਬਾਰੇ ਬਹੁਤ ਹੀ ਜਾਗਰੂਕ ਹੋਣ ਦੀ ਲੋੜ ਹੈ। ਨਵਤੇਜ ਧਾਲੀਵਾਲ ਨੇ ਡਾਕਟਰ ਸੁਖਵਿੰਦਰ ਬਰਾੜ ਨੂੰ ਸਟੇਜ ਤੇ ਆਉਣ ਦਾ ਸੱਦਾ ਦਿੱਤਾ । ਡਾਕਟਰ ਸੁਖਵਿੰਦਰ ਬਰਾੜ ਨੇ ਦੱਸਿਆ ਕਿ ਜੇ ਅੱਜ ਦੇ ਯੁੱਗ ਵਿੱਚ ਕਣਕ ਜਾਂ ਕਣਕ ਤੋਂ ਬਣੀਆਂ ਚੀਜ਼ਾਂ ਖਾਣ ਤੋਂ ਪਰਹੇਜ਼ ਕੀਤਾ ਜਾਵੇ। ਦੁੱਧ ਜਾਂ ਦੁੱਧ ਤੋਂ ਉਤੋਂ ਬਣੀਆਂ ਚੀਜ਼ਾਂ ਖਾਣ ਤੋਂ ਵੀ ਪ੍ਰਹੇਜ਼ ਕੀਤਾ ਜਾਵੇ ਅਤੇ ਇਸ ਦੇ ਬਦਲੇ ਵਿੱਚ ਹਰੀਆਂ ਸਬਜ਼ੀਆਂ ਤੇ ਫਲਾਂ ਦਾ ਸੇਵਨ ਕਰਨਾ ਚਾਹੀਦਾ ਹੈ। ਜੋ ਅਸੀਂ ਦੁੱਧ ਪੀਂਦੇ ਹਾਂ, ਚਾਹੇ ਉਹ ਗਾਂਵਾਂ, ਮੱਝਾਂ ਜਾਂ ਬੱਕਰੀ ਦਾ ਹੋਵੇ ਉਹ ਸਾਡੇ ਲਈ ਨਹੀਂ ਬਣਿਆ। ਇਹ ਦੁੱਧ ਸਿਰਫ਼ ਤੇ ਸਿਰਫ਼ ਉਹਨਾਂ ਦੇ ਆਪਦੇ ਬੱਚਿਆਂ ਲਈ ਬਣਿਆ ਹੁੰਦਾ ਹੈ। ਜਿਸ ਤਰਾਂ ਕਿ ਇੱਕ ਮਾਂ ਆਪਦੇ ਬੱਚੇ ਨੂੰ ਦੁੱਧ ਪਿਲਾਉਂਦੀ ਹੈ ਉਹ ਦੁੱਧ ਸਿਰਫ਼ ਤੇ ਸਿਰਫ਼ ਆਪਣੇ ਬੱਚੇ ਲਈ ਬਣਿਆ ਹੁੰਦਾ ਹੈ। ਉਹਨਾਂ ਨੇ ਇਸ ਤੋਂ ਇਲਾਵਾ ਸਾਨੂੰ ਹੋਰ ਵੀ ਬਹੁਤ ਗੱਲਾਂ ਬਾਰੇ ਜਾਗਰੂਕ ਕੀਤਾ ਸੁਆਲ ਪੁੱਛਿਆ ਗਿਆ ਕਿ ਜੇ ਅਸੀਂ ਦੁੱਧ ਨਹੀਂ ਪੀ ਸਕਦੇ ਤੇ ਬੱਚਿਆਂ ਨੂੰ ਦੁੱਧ ਨਹੀਂ ਪਿਲਾਅ ਸਕਦੇ ਤਾਂ ਇਹਦਾ ਕੋਈ ਅਲਟਰਨੇਟਿਵ ਹੈ ।ਉਹਨਾਂ ਨੇ ਇਸਦੇ ਜ਼ਵਾਬ ਵਿੱਚ ਦੱਸਿਆ ਕਿ ਤੁਸੀਂ ਬਦਾਮ ਲੈ ਕੇ ਉਹਨਾਂ ਨੂੰ ਭਿ- ਕੇ, ਉਹਨਾਂ ਦਾ ਸਿਲਕਾ ਲਾ ਕੇ ਉਹਨਾਂ ਨੂੰ ਤੁਸੀਂ ਮੈਕਸੀ ਦੇ ਵਿੱਚ ਪੀਸ ਕੇ ਉਸਦਾ ਦੁੱਧ ਬਣਾ ਸਕਦੇ ਹੋ ਅਤੇ ਉਸ ਵਿੱਚ ਪਾਣੀ ਪਾ ਕੇ ਬੱਚੇ ਨੂੰ ਦੁੱਧ ਪਿਲਾ ਸਕਦੇ ਹੋ। ਦਹੀ ਖਾਣਾ ਚੰਗਾ ਹੈ , ਪਰ ਇਹ ਦਹੀ ਕਦੇ ਵੀ ਰੋਟੀ ਦੇ ਨਾਲ ਨਹੀਂ ਖਾਣਾ ਚਾਹੀਦਾ ਜਾਂ ਰੋਟੀ ਖਾਣ ਤੋਂ ਘੰਟਾ ਪਹਿਲਾਂ ਖਾ ਲ- ਜਾਂ ਰੋਟੀ ਖਾਣ ਤੋਂ ਘੰਟਾ ਬਾਅਦ। ਗੋਪਾਲ ਕਾਉਂਕੇ ਜੀ ਨੇ ਦੱਸਿਆ ਕਿ ਵਿਟਾਮਿਨ ਡੀ ਜਿਹੜਾ ਕਿ ਕੈਲਗਰੀ ਟਾਈਮ ਦੇ ਅਨੁਸਾਰ 11 ਤੋਂ ਲੈ ਕੇ 4 ਵਜੇ ਤੱਕ ਮਿਲਦਾ ਹੈ , ਜੇ ਤੁਸੀਂ ਸੂਰਜ ਕੰਨੀਂ ਆਪਣੀ ਪਿੱਠ ਕਰ ਲੈਂਦੇ ਹੋ ਤਾਂ ਜੇ ਤਾਂ ਤੁਹਾਡਾ ਪ੍ਰਛਾਵਾ ਤੁਹਾਡੇ ਕੱਦ ਤੋਂ ਜਿਆਦਾ ਹੈ ਤਾਂ ਵਿਟਾਮਨ ਡੀ ਨਹੀਂ ਮਿਲਦਾ ਜੇ ਛੋਟਾ ਹੈ ਤਾਂ ਸਾਨੂੰ ਇਹ ਵਿਟਾਮਿਨ ਡੀ ਮਿਲਦਾ ਹੈ। ਡਾ: ਬਰਾੜ ਵੱਲੋਂ ਸਿਹਤ ਸੰਭਾਲ ਸਬੰਧੀ ਲਿਖੀ ਬੁੱਕ ਵੀ ਉਹਨਾਂ ਨੇ ਪੇਸ਼ ਕੀਤੀ ਤੇ ਆਖਿਆ ਕਿ ਜੇ ਕੋਈ ਇਸ ਨੂੰ ਖ੍ਰੀਦਣਾ ਚਾਹੁੰਦਾ ਹੈ ਤਾਂ ਖ੍ਰੀਦ ਸਕਦਾ ਹੈ । ਉਹ ਜਿੰਨੀਆਂ ਵੀ ਬੁੱਕਾਂ ਲੈ ਕੇ ਆਏ ਉਹ ਥੋੜੀਆਂ ਪੈ ਗਈਆਂ, ਕਿਉਂਕਿ ਹਰ ਮੈਂਬਰ ਹੀ ਕਿਤਾਬ ਖਰੀਦਣ ਲਈ ਤਿਆਰ ਬੈਠਾ ਸੀ। ਅੱਜ ਦੀ ਮੀਟਿੰਗ ਵਿੱਚ ਦਰਸ਼ਨ ਔਜਲਾ, ਨਵਤੇਜ ਧਾਲੀਵਾਲ, ਬੀਰਬਲ ਭਦੌੜ, ਗੋਪਾਲ ਕਾਉਂਕੇ, ਗੁਰਨਾਮ ਮਾਨ, ਜਗਜੀਤ ਤੇਜਾ, ਬਲਜੀਤ ਬੁੱਟਰ, ਸਤਨਾਮ ਸ਼ੇਰਗਿਲ, ਜਗਤਾਰ ਜਗਰਾ-, ਧਰਮ ਗਿੱਲ ,ਅਮਰੀਕ ਬਰਾੜ, ਜਸਵੀਰ ਸਿੰਘ, ਰਾਜ ਕੈਲਗਰੀ, ਜਸਵੰਤ ਸ਼ਰਮਾ, ਦਵਿੰਦਰ ਬਰਾੜ, ਸੁਰਿੰਦਰ ਸ਼ਰਮਾਂ, ਬਿੱਕਰ ਸਿੱਧੂ,ਲਖਵੀਰ ਸਿੰਘ, ਗੁਰਦੀਪ ਚੀਮਾਂ, ਪਰਮਜੀਤ ਭੰਗੂ, ਜਸਵੀਰ ਵਾਲੀਆਂ ਅਤੇ ਤਰਨਜੀਤ ਮੰਡ ਨੇ ਸ਼ਮੂਲੀਅਤ ਕੀਤੀ।

## ਹੱਥਕੜੀਆਂ ਵਿੱਚ ਜਕੜ ਕੇ ਵਿਦਿਆਰਥੀ ਨੂੰ ਭਾਰਤ ਭੇਜਿਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਨਿਊ ਜਰਸੀ ਵਿੱਚ ਇੱਕ ਭਾਰਤੀ ਵਿਦਿਆਰਥੀ ਨੂੰ ਨੇਵਾਰਕ ਹਵਾਈ ਅੱਡੇ 'ਤੇ ਇੱਕ ਅਪਰਾਧੀ ਵਾਂਗ ਜ਼ਮੀਨ 'ਤੇ ਸੁੱਟ ਦਿੱਤਾ ਗਿਆ ਅਤੇ ਫਿਰ ਉਸਨੂੰ ਹੱਥਕੜੀਆਂ ਲਗਾ ਕੇ ਭਾਰਤ ਭੇਜ ਦਿੱਤਾ ਗਿਆ।ਜਿਸ ਦੀ ਵੀਡੀ? ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਹੀ ਹੈ ਅਸਲ ਵਿੱਚ ਭਾਰਤੀ-ਅਮਰੀਕੀ ਕਾਰੋਬਾਰੀ ਕੁਨਾਲ ਜੈਨ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਸਾਂਝੀ ਕੀਤੀ ਸੀ । ਜੈਨ ਨੇ ਟਵਿੱਟਰ 'ਤੇ ਲਿਖਿਆ - ਮੈਂ ਇੱਕ ਨੌਜਵਾਨ ਭਾਰਤੀ ਵਿਦਿਆਰਥੀ ਨੂੰ ਨੇਵਾਰਕ ਹਵਾਈ ਅੱਡੇ 'ਤੇ ਹੱਥਕੜੀਆਂ ਵਿੱਚ , ਰੋਂਦੇ ਹੋਏ ਦੇਖਿਆ ਜਿਸ ਨਾਲ ਇੱਕ ਅਪਰਾਧੀ ਵਾਂਗ ਵਤੀਰਾ ਕੀਤਾ ਜਾ ਰਿਹਾ ਸੀ । ਉਹ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਆਇਆ ਸੀ, ਕਿਸੇ ਨੂੰ ਨੁਕਸਾਨ ਪਹੁੰਚਾਉਣ ਲਈ ਨਹੀਂ। ਇੱਕ ਐਨ ਆਰ ਆਈ ਹੋਣ ਦੇ ਨਾਤੇ, ਮੈਂ ਕਮਜ਼ੋਰ ਅਤੇ ਟੁੱਟਿਆ ਮਹਿਸੂਸ ਕਰ ਰਿਹਾ ਹਾਂ। ਜੈਨ ਨੇ ਕਿਹਾ ਕਿ ਵਿਦਿਆਰਥੀ ਹਰਿਆਣਵੀ ਵਿੱਚ ਕਹਿ ਰਿਹਾ ਸੀ - 'ਮੈਂ ਪਾਗਲ ਨਹੀਂ ਹਾਂ, ਇਹ ਲੋਕ ਮੈਨੂੰ ਪਾਗਲ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।' ਇਹ ਅਜੇ ਸਪੱਸ਼ਟ ਨਹੀਂ ਹੈ ਕਿ ਵਿਦਿਆਰਥੀ ਨੂੰ ਕਿਉਂ ਡਿਪੋਰਟ ਕੀਤਾ ਗਿਆ। ?ਧਰ ਭਾਰਤ ਵਿੱਚ ਅਮਰੀਕੀ ਦੂਤਾਵਾਸ ਨੇ ਇੱਕ ਭਾਰਤੀ ਵਿਦਿਆਰਥੀ ਨੂੰ ਜ਼ਮੀਨ 'ਤੇ ਸੁੱਟਣ, ਹੱਥਕੜੀ ਲਗਾਉਣ ਅਤੇ ਅਮਰੀਕਾ ਦੇ ਨਿਊ ਜਰਸੀ ਵਿੱਚ ਡਿਪੋਰਟ ਕਰਨ ਦੇ ਮੁੱਦੇ 'ਤੇ ਇੱਕ ਬਿਆਨ ਜਾਰੀ ਕੀਤਾ ਹੈ । ਦੂਤਾਵਾਸ ਨੇ ਕਿਹਾ ਕਿ ਅਮਰੀਕਾ ਵਿੱਚ ਗੈਰ-ਕਾਨੂੰਨੀ ਪ੍ਰਵੇਸ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਮਰੀਕੀ ਦੂਤਾਵਾਸ ਨੇ ਐਕਸ 'ਤੇ ਲਿਖਿਆ - ਅਮਰੀਕਾ ਆਪਣੇ ਦੇਸ਼ ਵਿੱਚ ਜਾਇਜ਼ ਯਾਤਰੀਆਂ ਦਾ ਸਵਾਗਤ ਕਰਦਾ ਹੈ। ਅਸੀਂ ਗੈਰ-ਕਾਨੂੰਨੀ ਪ੍ਰਵੇਸ਼, ਵੀਜ਼ਾ ਦੀ ਦੁਰਵਰਤੋਂ ਜਾਂ ਅਮਰੀਕੀ ਕਾਨੂੰਨ ਦੀ ਉਲੰਘਣਾ ਨੂੰ ਬਰਦਾਸ਼ਤ ਨਹੀਂ ਕਰਾਂਗੇ।

# ਸਾਊਥ ਕੈਲਗਰੀ ਸੀਨੀਅਰਜ਼ ਨੇ ਨੌਰਥ ਗਲੇਨਮੋਰ ਪਾਰਕ ਵਿਖੇ ਪਿਕਨਿਕ ਦੌਰਾਨ ਖੇਡਾਂ,ਅਤੇ ਸੰਗੀਤ ਦਾ ਆਨੰਦ ਮਾਣਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਸਾਊਥ ਕੈਲਗਰੀ ਸੀਨੀਅਰਜ਼ ਕਲਚਰਲ ਸੋਸਾਇਟੀ ਨੇ ਕੈਲਗਰੀ ਦੇ ਨੌਰਥ ਗਲੇਨਮੋਰ ਪਾਰਕ ਵਿਖੇ ਆਪਣੀ ਪਹਿਲੀ ਪਿਕਨਿਕ ਮਨਾਈ। ਇਸ ਸਮਾਗਮ ਦੀ ਸ਼ੁਰੂਆਤ ਸੋਸਾਇਟੀ ਦੇ ਕਾਰਜਕਾਰੀ ਨੇ ਡਾਇਬੀਟਿਕ ਫਾਊਂਡੇਸ਼ਨ ਆਫ਼ ਕੈਨੇਡਾ ਨੂੰ ਕੱਪੜਿਆਂ ਦਾ ਖੁੱਲ੍ਹੇ ਦਿਲ ਨਾਲ ਦਾਨ ਕਰਨ ਨਾਲ ਕੀਤੀ।ਪਿਕਨਿਕ ਵੱਖ-ਵੱਖ ਦਿਲਚਸਪ ਗਤੀਵਿਧੀਆਂ ਵਿੱਚ ਡੁੱਬਣ ਤੋਂ ਪਹਿਲਾਂ ਚਾਹ ਅਤੇ ਸਨੈਕਸ ਦਾ ਆਨੰਦ ਮਾਣਿਆ। ਜਦੋਂ ਕਿ ਕੁੱਝ ਮੈਂਬਰਾਂ ਨੇ ਆਰਾਮ ਕੀਤਾ ਅਤੇ ਪਾਰਕ ਵਿੱਚ ਆਰਾਮ ਨਾਲ ਸੈਰ ਕੀਤੀ, ਦੂਜਿਆਂ ਨੇ ਮਨੋਰੰਜਕ ਖੇਡਾਂ ਵਿੱਚ ਹਿੱਸਾ ਲਿਆ ਅਤੇ ਔਰਤਾਂ ਨੇ ਭਾਰਤੀ ਗੀਤ ਗਾ ਕੇ ਆਪਣੀ ਸੰਗੀਤਕ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ, ਜਿਸ ਨਾਲ ਖੁਸ਼ਹਾਲ ਮਾਹੌਲ ਵਿੱਚ ਵਾਧਾ ਹੋਇਆ। ਮਜ਼ੇ ਅਤੇ ਹਾਸੇ ਦੀ ਦੁਪਹਿਰ ਤੋਂ ਬਾਅਦ, ਸਾਰੇ ਇੱਕ ਸੁਆਦੀ ਡਿਨਰ ਲਈ ਇਕੱਠੇ ਹੋਏ। ਸ਼੍ਰੀ ਜੈ ਗਿੱਲ ਅਤੇ ਸ਼੍ਰੀਮਤੀ ਗਿੱਲ ਨੇ ਇਹ ਯਕੀਨੀ ਬਣਾਇਆ ਕਿ ਖਾਣੇ ਤੋਂ ਬਾਅਦ, ਚਾਹ ਜ਼ਰੂਰ ਪਰੋਸੀ ਜਾਵੇ, ਜਿਸ ਨਾਲ ਇਹ ਸ਼ਾਮ ਹੋਰ ਵਧੀਆ ਹੋ ਗਈ। ਇਸ ਮੌਕੇ ਮੈਂਬਰਾਂ ਨੇ ਇਸ ਪਿਕਨਿਕ ਨੂੰ ਮਹੀਨਾਵਾਰ ਗਰਮੀਆਂ ਦੀ ਪਰੰਪਰਾ ਬਣਾਉਣ ਲਈ ਆਪਣਾ ਉਤਸ਼ਾਹ ਪ੍ਰਗਟ ਕੀਤਾ। ਪ੍ਰਧਾਨ ਰਮੇਸ਼ ਸ਼ਰਮਾ ਨੇ ਆਪਣੇ ਕਾਰਜਕਾਰੀ ਨਾਲ ਮਿਲ ਕੇ ਸਨੈਕਸ ਅਤੇ ਡਿਨਰ ਪਕਵਾਨ ਤਿਆਰ ਕਰਨ ਵਾਲੇ ਵਲੰਟੀਅਰਾਂ ਅਤੇ ਨਾਲ ਹੀ ਉਨ੍ਹਾਂ ਲੋਕਾਂ ਦਾ ਵੀ ਜਿਨ੍ਹਾਂ ਨੇ ਪਿਕਨਿਕ ਖੇਤਰ ਨੂੰ ਸਾਫ਼ ਕਰਨ ਵਿੱਚ ਮਦਦ ਕੀਤੀ, ਦਾ ਵੀ ਧੰਨਵਾਦ ਕੀਤਾ। ਸ਼੍ਰੀ ਸ਼ਰਮਾ ਨੇ ਮੈਂਬਰਾਂ ਦਾ ਘਰਾਂ ਤੋਂ ਬਾਹਰ ਆਉਣ ਅਤੇ ਆਪਣੇ ਵਰਗੀ ਹੀ ਚੰਗੀ ਸੋਚ ਵਾਲੇ ਲੋਕਾਂ ਨਾਲ ਵਧੀਆ ਸਮਾਂ ਬਿਤਾਉਣ ਲਈ ਧੰਨਵਾਦ ਵੀ ਕੀਤਾ।

## ਭਾਰਤ ਵਿੱਚ ਹੋਰ ਆਰਥਿਕ ਪ੍ਰਵੇਸ਼ ਕਰਨ ਸਬੰਧੀ ਕਮੇਟੀ ਬਣੀ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਨੇ ਸੂਬੇ ਦੇ ਆਰਥਿਕ ਗਲਿਆਰਿਆਂ ਨੂੰ ਇੱਕ ਖਾਸ ਬਾਜ਼ਾਰ ਨਾਲ ਵਧਾਉਣ 'ਤੇ ਕੇਂਦ੍ਰਿਤ ਇੱਕ ਸਲਾਹਕਾਰ ਕਮੇਟੀ ਬਣਾਈ ਹੈ ਜਿਸ ਵਿੱਚ ਪੰਜਾਬੀ ਭਾਈਚਾਰੇ ਦੇ ਮੈਂਬਰ ਵੀ ਸਾਮਿਲ ਹਨ। ਕਮੇਟੀ ਅਨੁਸਾਰ ਉਹ ਤੇਜ਼ੀ ਨਾਲ ਵਧ ਰਹੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਭਾਰਤ ਨਾਲ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਵਧਾਉਣ ਲਈ ਅਲਬਰਟਾ ਦੇ ਯਤਨਾਂ ਦਾ ਸਮਰਥਨ ਕਰੇਗੀ। ਆਰਥਿਕ ਗਲਿਆਰਾ ਵਿਕਾਸ ਲਈ ਸੰਸਦੀ ਸਕੱਤਰ ਸ਼ੇਨ ਗੇਟਸਨ ਦੀ ਪ੍ਰਧਾਨਗੀ ਹੇਠ, ਕਮੇਟੀ ਅਲਬਰਟਾ ਸਰਕਾਰ ਦੇ ਆਰਥਿਕ ਗਲਿਆਰਿਆਂ ਨੂੰ ਵਿਕਸਤ ਕਰਨ ਅਤੇ ਅਲਬਰਟਾ ਅਤੇ ਭਾਰਤ ਵਿੱਚ ਕਾਰ ਵਪਾਰ ਨੂੰ ਵਧਾਉਣ ਦੇ ਕੰਮ ਦਾ ਸਮਰਥਨ ਕਰੇਗੀ। ਇਸ ਵਿੱਚ ਅਲਬਰਟਾ ਅਤੇ ਭਾਰਤ ਵਿੱਚ ਕਾਰ ਆਪਸੀ ਲਾਭ ਦੇ ਖੇਤਰਾਂ, ਜਿਸ ਵਿੱਚ ਊਰਜਾ, ਖੇਤੀਬਾੜੀ, ਤਕਨਾਲੋਜੀ, ਫਿਲਮ ਅਤੇ ਟੈਲੀਵਿਜ਼ਨ, ਸੈਰ-ਸਪਾਟਾ, ਏਰੋਸਪੇਸ, ਪ੍ਰਤਿਭਾ ਗਤੀਸ਼ੀਲਤਾ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ, ਬਾਰੇ ਰਣਨੀਤਕ ਸੂਝ ਅਤੇ ਸਲਾਹ ਪ੍ਰਦਾਨ ਕਰਨਾ ਸ਼ਾਮਲ ਹੋਵੇਗਾ। ਕਮੇਟੀ ਨੇ ਆਪਣੀ ਪਹਿਲੀ ਮੀਟਿੰਗ 12 ਜੂਨ ਨੂੰ ਕੀਤੀ ਸੀ ਅਤੇ ਹੁਣ ਇਹ ਤਿਮਾਹੀ ਮੀਟਿੰਗ ਬੁਲਾਏਗੀ। ਇਸ ਕਮੇਟੀ ਦੇ ਨੌਂ ਮੈਂਬਰ, ਆਰਥਿਕ ਗਲਿਆਰਾ ਵਿਕਾਸ ਲਈ ਸੰਸਦੀ ਸਕੱਤਰ ਸ਼ੇਨ ਗੇਟਸਨ (ਚੇਅਰ) ਸ਼੍ਰੀ ਰਾਧੇ ਗੁਪਤਾ, ਸੰਸਥਾਪਕ ਅਤੇ ਸੀਈ?, ਰੋਹਿਤ ਗਰੁੱਪ (ਮੈਂਬਰ ਨਾਮਜ਼ਦ) ਸ਼੍ਰੀ ਹਰੀਸ਼ ਕੌਂਸਲ, ਸੰਸਥਾਪਕ ਅਤੇ ਸੀਈ?, ?ਕਗਰੋ ਵੈਂਚਰਸ (ਮੈਂਬਰ ਨਾਮਜ਼ਦ) ਸ਼੍ਰੀਮਤੀ ਇਲੋਨਾ ਮੈਤਰਾ, ਸੀਨੀਅਰ ਕਾਰੋਬਾਰ ਵਿਕਾਸ ਅਧਿਕਾਰੀ, ਪੈਲੀਸਰ ਗਰੁੱਪ ਅਤੇ ਸੀਐਮ?, ਲੈਟਸਗੇਮਨਾ? (ਮੈਂਬਰ ਨਾਮਜ਼ਦ) ਡਾ: ਅਮਿਤ ਕੁਮਾਰ, ਮਕੈਨੀਕਲ ਇੰਜੀਨੀਅਰਿੰਗ ਦੇ ਪ੍ਰੋਫੈਸਰ, ਅਲਬਰਟਾ ਯੂਨੀਵਰਸਿਟੀ (ਮੈਂਬਰ ਨਾਮਜ਼ਦ) ਸ਼੍ਰੀ ਰਾਜੀਵ ਮਿੱਤਲ, ਡਾਇਰੈਕਟਰ, ਐਚਕੇ ਕੰਸਲਟੈਂਟਸ ਇੰਕ। (ਮੈਂਬਰ ਨਾਮਜ਼ਦ) ਸ਼੍ਰੀ ਪੁਨੀਤ ਮਨਚੰਦਾ, ਮੈਨੇਜਰ, ਐਨਬ੍ਰਿਜ, ਅਤੇ ਪ੍ਰਧਾਨ, ਕੌਂਸਲ ਆਫ਼ ਇੰਡੀਆ ਸੋਸਾਇਟੀਜ਼ ਆਫ਼ ਐਡਮੰਟਨ (ਮੈਂਬਰ ਨਾਮਜ਼ਦ) ਸ਼੍ਰੀ ਬੂਟਾ ਸਿੰਘ ਰੀਹਿਲ, ਉੱਦਮੀ (ਮੈਂਬਰ ਨਾਮਜ਼ਦ) ਸ਼੍ਰੀ ਫਰਾਂਸਿਸ ਅਰਾਨਾ, ਜ਼ਿਲ੍ਹਾ ਮੈਨੇਜਰ, ਕੰਪਾਸ ਗਰੁੱਪ (ਮੈਂਬਰ ਨਾਮਜ਼ਦ) ਹਨ।

ਵਰਣਯੋਗ ਹੈ ਕਿ ਅਲਬਰਟਾ ਦਾ ਭਾਰਤ ਵਿੱਚ ਇੱਕ ਅੰਤਰਰਾਸ਼ਟਰੀ ਦਫਤਰ ਹੈ, ਜੋ ਕਿ 2014 ਤੋਂ ਨਵੀਂ ਦਿੱਲੀ ਵਿੱਚ ਕੈਨੇਡਾ ਦੇ ਹਾਈ ਕਮਿਸ਼ਨ ਨਾਲ ਜੁੜਿਆ ਹੋਇਆ ਹੈ। ਭਾਰਤ ਵਰਤਮਾਨ ਵਿੱਚ ਪੰਜਵਾਂ ਸਭ ਤੋਂ ਵੱਡਾ ਹੈ ਦੁਨੀਆ ਦੀ ਆਰਥਿਕਤਾ ਵਿੱਚ ਇਹ ਦੇਸ਼ ਸਭ ਤੋਂ ਵੱਡਾ ਦੇਸ਼ ਸੀ ਅਤੇ 2024 ਵਿੱਚ ਅਲਬਰਟਾ ਲਈ ਸੱਤਵਾਂ ਸਭ ਤੋਂ ਵੱਡਾ ਨਿਰਯਾਤ ਬਾਜ਼ਾਰ ਸੀ। 2024 ਵਿੱਚ ਅਲਬਰਟਾ ਦਾ ਭਾਰਤ ਨੂੰ ਨਿਰਯਾਤ ਲਗਭਗ $611।5 ਮਿਲੀਅਨ ਸੀ, ਅਤੇ ਇਸ ਵਿੱਚ ਮੁੱਖ ਤੌਰ 'ਤੇ ਸਬਜ਼ੀਆਂ, ਨਿੱਕਲ, ਊਰਜਾ ਉਤਪਾਦ, ਲੋਹਾ ਅਤੇ ਸਟੀਲ, ਲੱਕੜ ਦਾ ਮਿੱਝ, ਪਲਾਸਟਿਕ, ਮਸ਼ੀਨਰੀ ਅਤੇ ਮਕੈਨੀਕਲ ਉਪਕਰਣ ਸ਼ਾਮਲ ਸਨ। 2024 ਵਿੱਚ ਭਾਰਤ ਤੋਂ ਅਲਬਰਟਾ ਦਾ ਆਯਾਤ ਲਗਭਗ $510।5 ਮਿਲੀਅਨ ਸੀ, ਅਤੇ ਇਸ ਵਿੱਚ ਮੁੱਖ ਤੌਰ 'ਤੇ ਲੋਹਾ ਜਾਂ ਸਟੀਲ, ਮਸ਼ੀਨਰੀ, ਰਬੜ, ਇਲੈਕਟ੍ਰਾਨਿਕਸ ਅਤੇ ਟੈਕਸਟਾਈਲ ਸ਼ਾਮਲ ਸਨ। ਐਮਫਾਸਿਸ, ਵਿਪਰੋ ਸਲਿਊਸ਼ਨਜ਼, ਟੈਕ ਮਹਿੰਦਰਾ, ਟਾਟਾ ਕੰਸਲਟੈਂਸੀ ਸਰਵਿਸਿਜ਼ ਅਤੇ ਇਨਫੋਸਿਸ ਵਰਗੀਆਂ ਭਾਰਤੀ ਤਕਨਾਲੋਜੀ ਕੰਪਨੀਆਂ ਨੇ ਪਿਛਲੇ ਕੁਝ ਸਾਲਾਂ ਵਿੱਚ ਅਲਬਰਟਾ ਵਿੱਚ ਦਫ਼ਤਰ ਖੋਲ੍ਹੇ ਹਨ। ਅਲਬਰਟਾ, ਕੈਲਗਰੀ ਅਤੇ ਲੈਥਬ੍ਰਿਜ ਦੀਆਂ ਯੂਨੀਵਰਸਿਟੀਆਂ, ਅਤੇ ਨਾਲ ਹੀ ਅਲਬਰਟਾ ਵਿੱਚ ਹੋਰ ਪੋਸਟ-ਸੈਕੰਡਰੀ ਸੰਸਥਾਵਾਂ ਨੇ ਭਾਰਤ ਵਿੱਚ ਵੱਖ-ਵੱਖ ਪੋਸਟ-ਸੈਕੰਡਰੀ ਸੰਸਥਾਵਾਂ ਨਾਲ ਸਹਿਯੋਗੀ ਸਮਝੌਤੇ ਸਥਾਪਤ ਕੀਤੇ ਹਨ ਜੋ ਬੌਧਿਕ ਪੂੰਜੀ ਅਤੇ ਪ੍ਰਤਿਭਾ ਦੇ ਆਦਾਨ-ਪ੍ਰਦਾਨ ਦੀ ਆਗਿਆ ਦਿੰਦੇ ਹਨ। "ਅਲਬਰਟਾ ਦੀਆਂ ਵਿਸ਼ਵਵਿਆਪੀ ਭਾਈਵਾਲੀ ਨੂੰ ਵਿਭਿੰਨ ਬਣਾਉਣਾ ਇੱਕ ਮਜ਼ਬੂਤ, ਲਚਕੀਲਾ ਅਰਥਚਾਰਾ ਬਣਾਉਣ ਦੀ ਕੁੰਜੀ ਹੈ। ਭਾਰਤ ਦਾ ਆਕਾਰ, ਵਿਕਾਸ ਅਤੇ ਵਿਸ਼ਵਵਿਆਪੀ ਪ੍ਰਭਾਵ ਇਸਨੂੰ ਇੱਕ ਰਣਨੀਤਕ ਤਰਜੀਹ ਬਣਾਉਂਦੇ ਹਨ, ਅਤੇ ਇਹ ਕਮੇਟੀ ਇਹ ਯਕੀਨੀ ਬਣਾਏਗੀ ਕਿ ਅਸੀਂ ਆਪਣੀ ਪਹੁੰਚ ਨੂੰ ਵਧਾਉਣ ਅਤੇ ਨਤੀਜੇ ਪ੍ਰਦਾਨ ਕਰਨ ਲਈ ਵਿਹਾਰਕ ਕਦਮ ਚੁੱਕ ਰਹੇ ਹਾਂ।




ਗਲੋਬਲ ਪਰਵਾਸੀ ਸੀਨੀਅਰ ਸਿਟੀਜਨ ਸੁਸਾਇਟੀ ਵੱਲੋਂ ਪ੍ਰਧਾਨ ਸੱਤਪਾਲ ਕੌਸ਼ਿਲ ਦੀ ਪ੍ਰਧਾਨਗੀ ਹੇਠ ਕੈਲਗਰੀ ਵਿਖੇ ਫਾਦਰਡੇਅ ਮਨਾਇਆ ਗਿਆ, ਜਿਸ ਮੌਕੇ ਬੁਲਾਰਿਆਂ ਨੇ ਫਾਦਰਦੇਅ ਬਾਰੇ ਆਪੋ ਆਪਣੇ ਵਿਚਾਰ ਪੇਸ਼ ਕੀਤੇ।

## ਆਪਣੇ ਹੀ ਬੱਚੇ ਦਾ ਅਗਵਾਕਾਰ ਹਵਾਈ ਅੱਡੇ ਤੋਂ ਫੜਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਸਾਲ ਆਪਣੇ ਹੀ ਤਿੰਨ ਸਾਲ ਦੇ ਬੱਚੇ ਨੂੰ ਅਗਵਾ ਕਰਕੇ ਭਾਰਤ ਭੱਜੇ ਪਿਤਾ ਨੂੰ ਟੋਰਾਂਟੋ ਹਵਾਈ ਅੱਡੇ ਤੇ ਉਤਰਦਿਆਂ ਹੀ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਹੈ। ਮਿਲੀ ਜਾਣਕਾਰੀ ਅਨੁਸਾਰ ਕਪਿਲ ਸੂਨਕ ਦਾ ਕੈਮਿਲਾ ਵਿਲਾਸ ਨਾਲ ਕਈ ਸਾਲ ਪਹਿਲਾਂ ਵਿਆਹ ਹੋਇਆ ਸੀ ਜਿੰਨ੍ਹਾਂ ਦਾ ਇੱਕ ਪੁੱਤਰ ਵੈਲਿਨਟੈਨੋ ਹੈ। ਪਰ ਦੋ ਸਾਲ ਪਹਿਲਾਂ ਦੋਹਾਂ ਦੇ ਵਿਆਹੁਤਾ ਸਬੰਧ ਵਿਗੜ ਗਏ ਇਸ ਦੌਰਾਨ ਅਦਾਲਤ ਨੇ ਇਨ੍ਹਾਂ ਦੇ ਕੇਸ ਸਬੰਧੀ ਫੈਸਲੇ ਤੱਕ ਬੱਚਾ ਮਾਂ ਨੂੰ ਸਪੁਰਦ ਕੀਤਾ ਤੇ ਸੂਨਕ ਉੱਤੇ ਬੱਚੇ ਤੋਂ ਦੂਰ ਰਹਿਣ ਦੀ ਪਬੰਦੀ ਲਗਾ ਦਿੱਤੀ ਗਈ। ਪਰ ਇਸ ਦੌਰਾਨ ਸੂਨਕ ਨੇ ਪਿਛਲੇ ਸਾਲ ਜੁਲਾਈ ਮਹੀਨੇ ਵਿੱਚ ਬੱਚੇ ਨੂੰ ਕੇਅਰ ਸੈਂਟਰ ਤੋਂ ਅਗਵਾ ਕੀਤਾ ਤੇ ਭਾਰਤ ਲੈ ਗਿਆ। ਜਿਸ ਤੋਂ ਬਾਅਦ ਜਨਵਰੀ 'ਚ ਕੈਮਿਲਾ ਉਨ੍ਹਾਂ ਦੀ ਤਲਾਸ਼ ਲਈ ਭਾਰਤ ਪਹੁੰਚੀ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਕਰਨ ਉਪਰੰਤ ਬੱਚਾ ਆਪਣੀ ਕਸਟਡੀ ਵਿੱਚ ਲੈ ਕੇ ਕੈਨੇਡਾ ਵਾਪਸ ਆਈ।ਉਧਰ ਕੈਨੇਡਾ ਪੁਲੀਸ ਵੱਲੋਂ ਸੂਨਕ ਵਿਰੁੱਧ ਅਗਵਾ ਦਾ ਮਾਮਲਾ ਦਰਜ ਕੀਤਾ ਹੋਇਆ ਸੀ। ਬੀਤੇ ਦਿਨ ਜਿਵੇਂ ਹੀ ਉਹ ਵਾਪਸ ਕੈਨੇਡਾ ਪਹੁੰਚਿਆ ਤਾਂ ਬਾਰਡਰ ਸੁਰੱਖਿਆ ਏਜੰਸੀ ਵੱਲੋਂ ਉਸ ਨੂੰ ਗ੍ਰਿਫਤਾਰ ਕਰਕੇ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ।









# ਓਵਰਸੀਜ (ਪ੍ਰਵਾਸੀ) ਟੀਚਰਜ ਐਸੋਸੀਏਸ਼ਨ ਦੀ ਮੀਟਿੰਗ ਵਿੱਚ ਭੂਤ, ਭਵਿੱਖ ਅਤੇ ਵਰਤਮਾਨ ਦਾ ਲੇਖਾ ਜੋਖਾ ਕੀਤਾ ਗਿਆ



ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਓਵਰਸੀਜ (ਪ੍ਰਵਾਸੀ) ਟੀਚਰਜ ਐਸੋਸੀਏਸ਼ਨ ਦੀ ਇੱਕ ਵਿਸ਼ੇਸ਼ ਇਕੱਤਰਤਾ ਐਡਮਿੰਟਨ ਪਬਲਿਕ ਲਾਇਬ੍ਰੇਰੀ ਸਟਰੀਟ 17 ਵਿਖੇ ਪ੍ਰਧਾਨ ਜਸਵੀਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਭੂਤਕਾਲ, ਭਵਿੱਖਮਈ ਅਤੇ ਵਰਤਮਾਨ ਕਾਰਜਾਂ ਦਾ ਲੇਖਾ ਜੋਖਾ ਕੀਤਾ ਗਿਆ। ਅਧਿਆਪਕ ਸਾਥੀਆਂ ਵੱਲੋਂ ਸਰਬ ਸੰਮਤੀ ਨਾਲ ਸਾਰੇ ਮਤਿਆਂ ਨੂੰ ਪ੍ਰਵਾਨ ਕੀਤਾ ਗਿਆ। ਸੰਸਥਾ ਵਾਰੇ ਜਾਣਕਾਰੀ ਦਿੰਦਿਆਂ ਸ: ਬਲਵਿੰਦਰ ਬਾਲਮ ਗੁਰਦਾਸਪੁਰ ਵਾਲਿਆਂ ਨੇ ਦੱਸਿਆ ਕਿ ਇਹ ਐਸੋਸੀਏਸ਼ਨ ਸਮਾਜ ਕਲਿਆਣ ਭਲਾਈ ਦੇ ਕਾਰਜਾਂ ਦੇ ਨਾਲ-ਨਾਲ ਸਾਹਿਤਕ ਸਰਗਰਮੀਆਂ ਖ਼ਾਸ ਕਰਕੇ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪ੍ਰਫੁਲਤਾ ਲਈ ਸਮੇਂ-ਸਮੇਂ ਅਨੁਸਾਰ ਅਪਣੇ ਸਫ਼ਲ ਯਤਨ ਕਰਦੀ ਰਹਿੰਦੀ ਹੈ। ਹਰ ਸਾਲ ਇੰਟਰਨੈਸ਼ਨਲ ਟੀਚਰ ਡੇ ਧਾਰਮਿਕ ਅਤੇ ਸਰਕਾਰੀ ਦਿਨ ਤਿਉਹਾਰ ਮਨਾਉਣਾ ਅਤੇ ਸਹਿਯੋਗ ਕਰਨਾ। ਕਿਸੇ ਖ਼ਾਸ ਸ਼ਖ਼ਸੀਅਤ ਨੂੰ ਜਿਸ ਨੇ ਸਮਾਜਿਕ, ਵਿਦਿਅਕ ਤੇ ਹੋਰ ਉਚ ਦਰਜ਼ੇ ਦੇ ਕੀਰਤੀਮਾਨ ਸਥਾਪਿਤ ਕੀਤੇ ਹੋਣ ਜਾਂ ਯੋਗਦਾਨ ਪਾਇਆ ਹੋਵੇ। ਉਨ੍ਹਾਂ ਨੂੰ ਵੀ ਸਨਮਾਨਿਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸਫਾਈ ਮੁਹਿੰਮ ਦਾ ਸਕੂਲਾਂ, ਕਾਲਿਜਾਂ ਹਸਪਤਾਲਾਂ, ਧਾਰਮਿਕ ਸਥਾਨਾਂ ਆਦਿ ਵਿਚ ਯੋਗਦਾਨ ਪਾਇਆ ਜਾਂਦਾ ਹੈ। ਗਰਮੀਆਂ ਦੀਆਂ ਛੁੱਟੀਆਂ ਵਿੱਚ ਵਿਸ਼ੇਸ਼ ਕਾਰਜ ਲੋੜ੍ਹ ਅਨੁਸਾਰ ਕੀਤੇ ਜਾਂਦੇ ਹਨ। ਖ਼ਾਸ ਕਰਕੇ ਬੱਚਿਆਂ ਤੇ ਹੋਰਨਾਂ ਦੇ ਕੈਂਪਸ ਦਾ ਆਯੋਜਨ ਕਰਨਾ, ਹੋਰ ਵਿਸ਼ਿਆਂ ਦੇ ਨਾਲ-ਨਾਲ ਪੰਜਾਬੀ ਭਾਸ਼ਾ ਸਿੱਖਣਾ-ਸਿਖਾਉਣਾ, ਗ਼ਰੀਬਾਂ ਲਈ ਅਨੁਦਾਨ ਦਾ ਪ੍ਰਬੰਧ ਕਰਨਾ। ਬੇਸਹਾਰਿਆਂ ਦੀ ਮੱਦਦ ਕਰਨਾ, ਸਿਹਤ ਸਹੂਲਤਾਂ ਸਬੰਧੀ ਯੋਗਦਾਨ, ਹੋਰ ਸੰਸਥਾਵਾਂ ਨਾਲ ਮਿਲ ਕੇ ਮਾਨਵਤਾਈ ਕਾਰਜ ਕਰਨੇ, ਸਮਾਜ ਅਤੇ ਸਮਾਜ ਸੇਵੀ ਕਾਰਜਾਂ ਵਿਚ ਭਾਗ ਲੈਣਾ ਅਤੇ ਸਹਿਯੋਗ ਦੇਣਾ। ਜ਼ਰੂਰਤ ਮੁਤਾਬਿਕ ਹੋਰ ਵੱਖ-ਵੱਖ ਪਹਿਲੂਆਂ ਦੇ ਸੰਦਰਭਾਂ ਵਿਚ ਕਾਰਜ਼ਸ਼ੀਲ ਰਹਿਣਾ। ਬੁਨਿਆਦੀ ਮਾਨਵ ਕਦਰਾਂ ਕੀਮਤਾਂ ਦੀ ਕਦਰ ਕਰਨਾ, ਸਮਾਜਿਕ ਨਿਆਂ ਭਾਵਨਾ, ਵਿਅਕਤੀਗਤ ਆਚਰਣ ਅਤੇ ਨੈਤਿਕ ਕਰਦਾਂ ਕੀਮਤਾਂ ਨੂੰ ਉਜਾਗਰ ਕਰਨਾ ਅਤੇ ਪ੍ਰੇਰਣਾ ਦੇ ਸੁਰੋਤ ਪੈਦਾ ਕਰਨਾ ਹੈ।ਇਸ ਐਸੋਸੀਏਸ਼ਨ ਵੱਲੋਂ ਹੁਣ ਤੱਕ ਬਲਦੇਵ ਸਿੰਘ ਪਾਰਟਨਰ ਪ੍ਰਿੰਸੀਪਲ ਮੈਰਿਜ ਕਮਿਸ਼ਨਰ ਅਤੇ ਓਥ ਕਮਿਸ਼ਨਰ, ਪਾਲ ਪੁਰੇਵਾਲ ਨਾਨਕ ਸ਼ਾਹੀ ਕੈਲੰਡਰ ਦੇ ਰਚੇਤਾ, ਨਰੇਸ਼ ਭਾਰਦਵਾਜ ਅਧਿਆਪਕ, ਵਰਿੰਦਰ ਸਿੰਘ ਆਨੰਦ ਅਧਿਆਪਕ, ਹਰਚੰਦ ਸਿੰਘ ਗਰੇਵਾਲ ਅਧਿਆਪਕ ਅਤੇ ਸਮਾਜ ਭਲਾਈ ਕਰਤਾ ਨੂੰ ਸਨਮਾਨਿਤ ਕੀਤਾ ਜਾ ਚੁੱਕਿਆ ਹੈ।

ਅੱਜ ਦੀ ਇਸ ਸਭਾ ਵਿੱਚ ਜਿਨ੍ਹਾਂ ਅਧਿਆਪਕਾਂ, ਕਵੀਆਂ, ਲੇਖਕਾਂ, ਬੁੱਧੀਜੀਵੀਆਂ ਨੇ ਸਿਰਕਤ ਕੀਤਾ ਉਨ੍ਹਾਂ ਦੇ ਨਾਮ ਜਸਵੀਰ ਸਿੰਘ ਗਿੱਲ ਪ੍ਰਧਾਨ, ਰਸਾਲ ਸਿੰਘ ਮੱਲ੍ਹੀ ਸੀਨੀਅਰ ਵਾਈਸ ਪ੍ਰੈਜ਼ੀਡੈਂਟ, ਸੁਰਜੀਤ ਕੌਰ ਧਾਲੀਵਾਲ ਵਾਈਸ ਪ੍ਰੈਜ਼ੀਡੈਂਟ, ਰਣਜੀਤ ਸਿੰਘ ਸੰਧੂ ਸਕੱਤਰ, ਅਮਰਜੀਤ ਸਿੰਘ ਸੰਧੂ ਸਹਾਇਕ ਸਕੱਤਰ, ਸੁਖਦੇਵ ਸਿੰਘ ਬੈਨੀਪਾਲ ਖ਼ਜ਼ਾਨਚੀ, ਦਰਸ਼ਨ ਸਿੰਘ ਜੱਸ਼ਨ, ਸੁਖਰਾਜ ਸਿੰਘ ਸਰਕਾਰੀਆ, ਦਲਬੀਰ ਸਿੰਘ ਰਿਆੜ ਕਵੀ, ਸੰਨੀ ਧਾਲੀਵਾਲ ਕਵੀ, ਲੇਖਕ, ਕਹਾਣੀਕਾਰ, ਹਰਬੰਸ ਸਿੰਘ ਬੱਗੜ, ਸੰਤੋਖ ਸਿੰਘ ਸ਼ੇਖੋਂ, ਹਰਚੰਦ ਸਿੰਘ ਬਿੰਦ, ਕੁਲਬੀਰ ਸਿੰਘ ਢਿੱਲੋਂ ਹਨ। ਐਸੋਸੀਏਸ਼ਨ ਦੇ ਪ੍ਰਧਾਨ ਨੇ ਕਿਹਾ ਕਿ ਭਵਿੱਖ ਵਿਚ ਚੇਤਨਾ ਦੇ ਹੋਰ ਖੇਤਰਾਂ ਵਿੱਚ ਹਰ ਇੱਕ ਰੰਗਤ ਨੂੰ ਫੜਣ ਵਿੱਚ ਸਮਰੱਥ ਇੱਕ ਅਤਿਅੰਤ ਲਾਯਾਤਮਿਕ ਅਤੇ ਸੂਖਮ ਵਿਧੀ ਵਿਧਾਨ ਦਾ ਵੀ ਨਿਰਮਾਣ ਕੀਤਾ ਜਾਵੇਗਾ ਮਾਤਰ ਭੂਮੀ ਅਤੇ ਪ੍ਰਵਾਸ ਭੂਮੀ ਦੀ ਪ੍ਰਾਣ ਪ੍ਰਤਿਸ਼ਠਤਾ ਦਾ ਮੋਹ ਸੰਵੇਦਨਸ਼ੀਲਤਾ ਨਾਲ ਬਣਾਏ ਰੱਖਣ ਦਾ ਪ੍ਰਣ ਅਤੇ ਦਰਪੇਸ਼ ਮੁਸ਼ਕਿਲਾਂ ਦੇ ਸੁਝਾਵ ਵੀ ਰੱਖੇ ਜਾਣਗੇ। ਭਵਿੱਖ ਵਿਚ ਹੋਰ ਕਈ ਪ੍ਰਯੋਜਕ ਹਨ।

## ਕਨੇਡਾ ਡੇਅ ਮੌਕੇ ਝੰਡਾ ਝੁਲਾਉਣ ਦੀ ਰਸਮ ਐਮ ਪੀ ਜਗਸ਼ਰਨ ਸਿੰਘ ਮਾਹਲ ਕਰਨਗੇ



ਐਡਮਿੰਟਨ (ਸਤੀਸ਼ ਸਚਦੇਵਾ ) ਮਿੱਲਵੁਡ ਕਲਚਰਲ ਸੁਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਰਡ ਦੀ ਪ੍ਰਬੰਧਕ ਕਮੇਟੀ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਸੁਸਾਇਟੀ ਦੀ ਬਿਲਡਿੰਗ ਵਿਖੇ ਪਹਿਲੀ ਜੁਲਾਈ 2025 ਦਿਨ ਮੰਗਲਵਾਰ ਨੂੰ ਦੁਪਹਿਰ 1 ਵਜੇ ਤੋਂ ਦੁਪਹਿਰ 2:30 ਵਜੇ ਤੱਕ ਕੈਨੇਡਾ ਡੇਅ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ । ਪ੍ਰੋਗਰਾਮ ਦੀ ਸ਼ੁਰੂਆਤ ਠੀਕ ਇੱਕ ਵਜੇ ਆਨਰੇਬਲ ਮੈਂਬਰ ਪਾਰਲੀਮੈਂਟ ਜਗਸਰਨ ਸਿੰਘ ਮਾਹਲ ਵੱਲੋਂ ਫਲੈਗ ਸੈਰੇਮਨੀ ਨਾਲ ਕੀਤੀ ਜਾਵੇਗੀ । ਉਸ ਤੋਂ ਬਾਅਦ ਵਿੱਚ ਵੱਖ-ਵੱਖ ਬੁਲਾਰਿਆਂ ਵੱਲੋਂ ਭਾਸ਼ਨ ਦਿੱਤੇ ਜਾਣਗੇ ਅਤੇ ਗੀਤ ਸੰਗੀਤ ਦਾ ਪ੍ਰੋਗਰਾਮ ਵੀ ਹੋਵੇਗਾ । ਬਾਅਦ ਵਿੱਚ ਚਾਹ ਸਨੈਕਸ ਦਾ ਪ੍ਰਬੰਧ ਵੀ ਕੀਤਾ ਗਿਆ ਹੈ । ਸਾਰੇ ਐਡਮਿੰਟਨ ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਕਿ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕੀਤੀ ਜਾਵੇ। ਹੋਰ ਜਾਣਕਾਰੀ ਲਈ ਸ: ਬਲਵੀਰ ਸਿੰਘ ਕੁਲਾਰ ਨਾਲ 1 780 490 0001 ਉੱਪਰ ਫੋਨ ਕੀਤਾ ਜਾ ਸਕਦਾ ਹੈ।

## ਕੈਨੇਡਾ ਪੋਸਟ ਦੀ ਲੋਕੇਸ਼ਨ ਤੋਂ ਦੋ ਵਿਅਕਤੀਆਂ ਦੇ ਕਬਜ਼ੇ ਵਿੱਚੋਂ 86 ਪੈਕੇਜ ਡਰੱਗ ਬਰਾਮਦ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਓਂਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਵੱਲੋਂ ਫੈਂਟਾਨਿਲ ਡਰੱਗਸ ਦੀ ਇੱਕ ਵੱਡੀ ਖੇਪ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਹੈ ਅਤੇ ਆਖਿਆ ਗਿਆ ਹੈ ਕਿ ਸੂਬਾਈ ਪੁਲਿਸ ਦੇ ਇਤਿਹਾਸ ਵਿੱਚ ਫੈਂਟਾਨਿਲ ਦੀ ਇਹ ਸਭ ਤੋਂ ਵੱਡੀ ਖੇਪ ਹੈ ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਵੱਲੋਂ ਆਖਿਆ ਗਿਆ ਹੈ ਕਿ ਦੋ ਵੱਖ-ਵੱਖ ਅਪਰੇਸ਼ਨ ਚਲਾਏ ਗਏ ਸਨ ਜਿਨਾਂ ਦਾ ਨਾਮ ਪ੍ਰੋਜੈਕਟ ਬਾਇਓਨਿਕ ਅਤੇ ਪ੍ਰੋਜੈਕਟ ਗੋਲਡਨ ਸੀ, ਦੇ ਤਹਿਤ ਸਾਂਝੇ ਤੌਰ ਤੇ ਸਾਢੇ 43 ਕਿਲੋ ਫੈਂਟਾਨਿਲ ਬਰਾਮਦ ਕੀਤੀ ਗਈ ਹੈ ਜਿਸ ਦੀ ਕੀਮਤ 4 ਲੱਖ 35 ਹਜਾਰ ਡਾਲਰ ਬਣਦੀ ਹੈ ਅਸਲ ਵਿੱਚ ਇਸ ਆਪਰੇਸ਼ਨ ਤਹਿਤ ਮਾਰਚ 2025 ਵਿੱਚ ਓਂਟਾਰੀਓ ਪ੍ਰੋਵਿਨਸ਼ਅਲ ਪੁਲਿਸ ਨੇ ਓਟਵਾ ਵਿੱਚ ਸਥਿਤ ਕੈਨੇਡਾ ਪੋਸਟ ਦੀ ਇੱਕ ਲੋਕੇਸ਼ਨ ਤੋਂ ਦੋ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਸੀ ਅਤੇ ਉਨਾਂ ਦੇ ਕਬਜ਼ੇ ਵਿੱਚੋਂ 86 ਪੈਕੇਜ ਬਰਾਮਦ ਕੀਤੇ ਗਏ ਸਨ ਜਿਨਾਂ ਰਾਹੀਂ ਵੱਖ-ਵੱਖ ਡਰੱਗਸ ਕੈਨੇਡਾ ਦੇ ਵੱਖ ਵੱਖ ਖੇਤਰਾਂ ਵਿੱਚ ਭੇਜੀਆਂ ਜਾਣੀਆਂ ਸਨ। ਫੈਂਟਾਨਿਲ ਤੋਂ ਇਲਾਵਾ ਇਹਨਾਂ ਆਪਰੇਸ਼ਨਾਂ ਰਾਹੀਂ ਕੋਕੀਨ ਮੈਥ ਅਤੇ ਹੈਰੋਇਨ ਸਮੇਤ ਕਈ ਤਰ੍ਹਾਂ ਦੀਆਂ ਹੋਰ ਡਰਗਸ ਵੀ ਬਰਾਮਦ ਕੀਤੀਆਂ ਗਈਆਂ ਹਨ। ਪੁਲਿਸ ਨੇ ਦੱਸਿਆ ਹੈ ਕਿ ਪ੍ਰੋਜੈਕਟ ਬਾਇਓਨਿਕ ਦੇ ਤਹਿਤ ਪੰਜ ਮਹੀਨੇ ਦੀ ਜਾਂਚ ਚੱਲੀ ਜਿਸ ਤਹਿਤ ਗੈਰ ਕਾਨੂੰਨੀ ਵੈਬਸਾਈਟਾਂ ਰਾਹੀਂ ਡਰੱਗਸ ਵੇਚਣ ਦਾ ਪਰਦਾਫਾਸ਼ ਕੀਤਾ ਗਿਆ ਜਦੋਂ ਕਿ ਪ੍ਰੋਜੈਕਟ ਗੋਲਡਨ ਦੇ ਤਹਿਤ 11 ਮਹੀਨੇ ਦੀ ਜਾਂਚ ਚੱਲੀ ਸੀ।

# ਬਿਓਮੌਂਟ ਦੇ ਬਾਬੇ ਬੱਸਾਂ ਭਾਲਦੈ ਐ ! ਪਰ ਸਰਕਾਰ ਦੇ ਕੰਨ ਉੱਪਰ ਜੂੰਅ ਵੀ ਨਹੀਂ ਸਰਕਦੀ



ਐਡਮਿੰਟਨ(ਪੰਜਾਬੀ ਅਖ਼ਬਾਰ ਬਿਊਰੋ) ਐਡਮਿੰਟਨ ਦੇ ਨਾਲ ਲੱਗਦੇ ਨਵੇਂ ਵਿਕਸਤ ਹੋ ਰਹੇ ਕਸਬੇ ਬਿਓਮੌਂਟ ਵਿਖੇ ਸੀਨੀਅਰ ਸਿਟੀਜਨ ਬਿਓਮੌਂਟ ਦੀ ਮੀਟਿੰਗ ਸ਼੍ਰੀ ਮੇਜਰ ਸਿੰਘ ਕਲੇਰ ਜੀ ਦੀ ਪ੍ਰਧਾਨਗੀ ਹੇਠ ਫਾਰੈਸਟ ਹਾਈਟ ਵਿਖੇ ਹੋਈ । ਹਰ ਵਾਰ ਦੀ ਤਰਾਂ ਇਸ ਵਾਰੀ ਵੀ ਇਸ ਮੀਟਿੰਗ ਵਿੱਚ ਤੇਜ਼ੀ ਨਾਲ ਵੱਧ ਰਹੀ ਘਰਾਂ ਦੀ ਗਿਣਤੀ ਅਤੇ ਆਬਾਦੀ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਹੋ ਰਹੇ ਵਾਧੇ ਲਈ ਬਿਓਮੌਂਟ ਪ੍ਰਸ਼ਾਸਨ ਤੋਂ ਆਨ ਡਿਮਾਂਡ ਮਿੰਨੀ ਬੱਸ ਚਲਾਉਣ ਦੀ ਮੰਗ ਕੀਤੀ ਗਈ ਜੋ ਕਿ ਹੋਪਪਏਰ ਵਾਲੇ ਪਾਸੇ ਤੋਂ ਚੱਲ ਕੇ Beaumont Recreation & Sports Center huMdI hoeI No-frills qoN awgy Co op petrol station TROI MPHEhuMdI ਹੋਈ ਨਵੀਂ ਅਬਾਦੀ ਨੂੰ ਕਵਰ ਕਰਕੇ Ken School ਪਹੁੰਚੇ। ਐਡਮਿੰਟਨ ਵਾਲੀ ਬੱਸ ਨੂੰ ਮਿਲਾਵੇ ਤਾਂ ਜੋ ਬਿਰਧ ਮਰਦ ਔਰਤਾਂ ਬੱਚੇ ਆਪਣੇ ਇਲਾਜ ਲਈ ਮਸਲਨ ਅੱਖਾਂ ਦਾ ਚੈੱਕਅਪ,ਅਪਰੇਸ਼ਨ, ਡਾਇਲੇਸਿਜ ਅਲਟਰਾਸਾਊਂਡ ਆਦਿ ਲਈ ਬੱਚਿਆਂ ਤੇ ਨਿਰਭਰਤਾ ਘੱਟ ਸਕੇ । ਜਾਂ 1, 1 ਘੰਟੇ ਬਾਅਦ ਮਿੰਨੀ ਲੋਕਲ ਬੱਸ ਚਲਾਈ ਜਾਵੇ, ਜੋ ਸੀਨੀਅਰ ਸਿਟੀਜਨ ਜੋ ਫ੍ਰ ਹਨ 65 ਸਾਲ ਦੀ ਉਮਰ ਤੋਂ ਵੱਧ ਹੈ ਉਹਨਾਂ ਨੂੰ ਮੁਫ਼ਤ ਬੱਸ ਪਾਸ ਐਡਮਿੰਟਨ ਦੀ ਤਰ੍ਹਾਂ ਦਿੱਤੇ ਜਾਣ । ਵੱਧ ਰਹੀ ਅਬਾਦੀ ਲਈ ਫੌਰੀ ਤੌਰ ਤੇ ਪਾਰਕ ਵਿੱਚ ਬੈਠਣ ਲਈ ਸ਼ੈਡ, ਟੇਬਲ ਕੁਰਸੀਆਂ , ਪੀਣ ਲਈ ਪਾਣੀ ਦਾ ਪ੍ਰਬੰਧ, ਵਾਸ਼ਰੂਮ ਆਦਿ ਬਣਾਏ ਜਾਣ । ਵਧ ਰਹੀ ਅਬਾਦੀ ਲਈ ਫੌਰੀ ਤੌਰ 'ਤੇ ਸਕੂਲ ਬਣਾਏ ਜਾਣ। ਇਹਨਾਂ ਬਜੁਰਗਾਂ ਨੇ ਐਡਮਿੰਟਨ ਅਤੇ ਬਿਓਮੌਂਟ ਦੇ ਹਰ ਛੋਟੇ ਵੱਡੇ ਲੀਡਰ ਤੱਕ ਪਹੁੰਚ ਕੀਤੀ ਹੈ ਪਰ ਇਹਨਾਂ ਦੀਆਂ ਮੰਗਾਂ ਨੂੰ ਹਾਲੇ ਤੱਕ ਬੂਰ ਨਹੀਂ ਪਿਆ। ਅੱਜ ਦੀ ਮੀਟਿੰਗ ਵਿੱਚ ਸਤੀਸ਼ ਸਚਦੇਵਾ, ਸਮਾਜ ਸੇਵੀ, ਸ਼੍ਰੀ ਬਚਿੱਤਰ ਸਿੰਘ ਸਾਬਕਾ ਸਰਪੰਚ, ਸ਼੍ਰੀ ਗੁਰਮੁਖ ਸਿੰਘ, ਸ਼੍ਰੀ ਜਸਵੀਰ ਸਿੰਘ, ਸ਼੍ਰੀ ਚਰਨਜੀਤ ਸਿੰਘ, ਸ਼੍ਰੀ ਸੁੱਚਾ ਸਿੰਘ ਸ਼੍ਰੀ ਅਵਤਾਰ ਸਿੰਘ , ਸ਼੍ਰੀ ਪ੍ਰਗਟ ਸਿੰਘ, ਸ਼੍ਰੀ ਦਲਵਿੰਦਰ ਸਿੰਘ ਅਟਵਾਲ ਆਦਿ ਹਾਜ਼ਰ ਸਨ । ਅਖੀਰ ਵਿੱਚ ਸ਼੍ਰੀ ਸਤੀਸ਼ ਸਚਦੇਵਾ ਨੇ ਆਏ ਸਭਨਾਂ ਦਾ ਧੰਨਵਾਦ ਕੀਤਾ।













# ਫਿਰੌਤੀਆਂ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਤੋਂ ਤੰਗ ਆਏ ਸਰੀ ਵਾਸੀਆਂ ਨੇ ਮੀਟਿੰਗ ਕੀਤੀ



ਸਰੀ(ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਕੁੱਝ ਸਮੇਂ ਤੋਂ ਕਨੇਡਾ ਵਿੱਚ ਪੰਜਾਬੀ ਭਾਈਚਾਰੇ ਨੂੰ ਜਬਰਨ ਵਸੂਲੀ ਦੀਆਂ ਆ ਰਹੀਆਂ ਧਮਕੀਆਂ ਦੇ ਮੱਦੇ ਨਜ਼ਰ ਸਰੀ ਵਿੱਚ ਭਾਈਚਾਰੇ ਵੱਲੋਂ ਇੱਕ ਮੀਟਿੰਗ ਦਾ ਆਯੋਜਨ ਕਰ ਇਸ ਮਸਲੇ ਨੂੰ ਹੱਲ ਕਰਨ ਵਾਸਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿੱਚ ਸ਼ਹਿਰ ਦੇ ਵਸਨੀਕਾਂ, ਵਪਾਰੀਆਂ ਤੋਂ ਇਲਾਵਾ ਮਿਊਂਸੀਪਲ, ਪ੍ਰੋਵੀਸ਼ਨਲ ਅਤੇ ਫੈਡਰਲ ਪੱਧਰ ਦੇ ਨੁਮਾਇੰਦੇ ਹਾਜ਼ਰ ਸਨ। ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਰੀ ਦੇ ਲਕਸ਼ਮੀ ਨਰਾਇਣ ਮੰਦਿਰ ਦੇ ਪ੍ਰਧਾਨ ਸਤੀਸ਼ ਕੁਮਾਰ, ਜਿਨਾਂ ਦੇ ਬੈਂਕਿਊਟ ਹਾਲ ਉੱਪਰ ਹਾਲ ਹੀ ਵਿੱਚ ਗੋਲੀਆਂ ਚੱਲੀਆਂ ਹੋਈਆਂ ਹਨ, ਉਹਨਾਂ ਨੇ ਕਿਹਾ ਕਿ ਕਾਰੋਬਾਰੀ ਲੋਕ ਇਹਨਾਂ ਧਮਕੀਆਂ ਦੇ ਮੱਦੇ ਨਜ਼ਰ ਬੇਹਦ ਪਰੇਸ਼ਾਨ ਹਨ। ਇਸ ਸਮਾਗਮ ਵਿੱਚ ਹਿੱਸਾ ਲੈਣ ਲਈ ਪਹੁੰਚੇ ਸਰੀ ਨਿਊਟਨ ਤੋਂ ਲਿਬਰਲ ਐਮਪੀ ਸੁੱਖ ਧਾਲੀਵਾਲ ਨੇ ਵੀ ਜਬਰ ਵਸੂਲੀ ਦੇ ਮਾਮਲਿਆਂ ਬਾਰੇ ਸਰਕਾਰ ਦੀ ਸਮਝ ਬਾਰੇ ਦੱਸਦਿਆਂ ਕਿਹਾ ਕਿ ਸਰਕਾਰ ਹੋਰ ਵਧੇਰੇ ਆਰਸੀਐਮਪੀ ਅਧਿਕਾਰੀ ਭਰਤੀ ਕਰ ਰਹੀ ਹੈ। ਇਸ ਮੀਟਿੰਗ ਵਿੱਚ ਜਿੱਥੇ ਸ਼ਹਿਰ ਦੇ ਹੋਰ ਕਈ ਨੁਮਾਇੰਦੇ ਅਤੇ ਸਥਾਨਕ ਹਸਤੀਆਂ ਪਹੁੰਚੀਆਂ ਤੇ ਆਮ ਲੋਕਾਂ ਨੇ ਸਿਰਕਤਾਂ ਕੀਤੀਆਂ ਜਿੱਥੇ ਸਿਰ ਜੋੜ ਕੇ ਇਹ ਮਸਲੇ ਦਾ ਹੱਲ ਕੱਢਣ ਬਾਰੇ ਵਿਚਾਰ ਵਟਾਂਦਰੀ ਕੀਤੇ ਗਏ ਪਰ ਉਥੇ ਹੀ ਬਹੁਤ ਸਾਰੇ ਲੋਕ ਨਿਰਾਸ਼ ਵੀ ਹੋ ਕੇ ਗਏ। ਅਖੀਰ ਦੇ ਵਿੱਚ ਕੁੱਝ ਆਮ ਲੋਕਾਂ ਨੇ ਪੁਲਿਸ ਨੂੰ ਸਵਾਲ ਕੀਤੇ ਜਿਸ ਦੇ ਵਿੱਚ ਉਹਨਾਂ ਨੇ ਖਾਸ ਜ਼ਿਕਰ ਕੀਤਾ ਕਿ ਆਮ ਲੋਕਾਂ ਦਾ ਪੁਲਿਸ ਅਤੇ ਪ੍ਰਸ਼ਾਸਨ ਦੇ ਉੱਤੇ ਇਸ ਮਸਲੇ ਨੂੰ ਲੈ ਕੇ ਉਹ ਆਪਣਾ ਵਿਸ਼ਵਾਸ ਗੁਆ ਚੁੱਕੇ ਹਨ। ਪੁਲਿਸ ਨੂੰ ਅਤੇ ਚੀਫ ਨੂੰ ਕਈ ਲੋਕਾਂ ਨੇ ਸਵਾਲ ਕੀਤੇ ਕਿ ਇਸ ਵਿਸ਼ਵਾਸ ਨੂੰ ਵਾਪਸ ਮੁੜ ਬਹਾਲ ਕਰਨ ਵਾਸਤੇ ਪੁਲਿਸ ਨੂੰ ਇਸ ਫਿਰੌਤੀ ਅਤੇ ਡਰੱਗ ਨਾਲ ਸੰਬੰਧਿਤ ਮਸਲਿਆਂ ਦੇ ਉੱਤੇ ਸਖਤ ਕਾਰਵਾਈਆਂ ਕਰਨੀਆਂ ਪੈਣਗੀਆਂ ਤਾਂ ਜੋ ਲੋਕਾਂ ਦਾ ਯਕੀਨ ਵਾਪਸ ਬਹਾਲ ਕੀਤਾ ਜਾ ਸਕੇ।

# ਬਾਬਿਆਂ ਦੀਆਂ ਖੇਡਾਂ ਵਿੱਚ ਜੇਤੂਆਂ ਨੂੰ ਕਨੇਡਾ ਡੇਅ ਵਾਲੇ ਦਿਨ ਸਨਮਾਨਿਤ ਕੀਤਾ ਜਾਵੇਗਾ




ਐਡਮਿੰਟਨ (ਸਤੀਸ਼ ਸਚਦੇਵਾ)ਮਿੱਲਵੁਡਜ਼ ਕਲਚਰਲ ਸੁਸਾਇਟੀ ਆਫ ਦੀ ਰਿਟਾਇਰਡ ਐਂਡ ਸੈਮੀ ਰਿਟਾਇਰਡ 1560-48 ਸਟਰੀਟ ਐਡਮਿੰਟਨ ਦੇ ਵਿੱਚ ਹਰ ਸਾਲ ਗਰਮੀਆਂ ਦੇ ਮਹੀਨੇ ਮਈ, ਜੂਨ ਵਿੱਚ ਸਾਲਾਨਾ ਪੂਲ ਟੇਬਲ ਅਤੇ ਤਾਸ਼ ਸੀਪ ਅਤੇ ਸਰਾਂ ਮੰਨਣ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਸਾਲ 40 ਦੇ ਕਰੀਬ ਮੁਕਾਬਲੇਬਾਜਾਂ ਨੇ ਭਾਗ ਲਿਆ। ਇਨ੍ਹਾਂ ਵਿੱਚੋਂ 11 ਮੈਂਬਰਾਂ ਨੇ ਪਹਿਲਾ ਅਤੇ ਦੂਜਾ ਸਥਾਨ ਹਾਸਿਲ ਕੀਤਾ। ਤਾਸ਼ ਸੀਪ ਅਤੇ ਸਰਾਂ ਮੰਨਣ ਵਿੱਚ: ਹਰਮਿੰਦਰ ਸਿੰਘ, ਸੂਰਤ ਸਿੰਘ ਬੁੱਟਰ, ਇਕਬਾਲ ਸਿੰਘ ਗਿੱਲ, ਸੁਸਾਇਟੀ ਦੇ ਪ੍ਰਧਾਨ ਬਲਵੀਰ ਸਿੰਘ ਕੁਲਾਰ , ਮਨਜੀਤ ਸਿੰਘ ਧਾਲੀਵਾਲ, ਹਰਬੰਸ ਸਿੰਘ,, ਅਖ਼ਤਿਆਰ ਸਿੰਘ ਗਿੱਲ, ਮਿਸਟਰ ਗੁਪਤਾ ਜੇਤੂ ਰਹੇ। ਇਸੇ ਤਰਾਂ ਪੂਲ ਟੇਬਲ ਵਿੱਚ ਮਨਜੀਤ ਸਿੰਘ ਧਾਲੀਵਾਲ, ਸੁਸਾਇਟੀ ਦੇ ਪ੍ਰਧਾਨ ਸ਼੍ਰੀ ਬਲਵੀਰ ਸਿੰਘ, ਕਿਸ਼ਨ ਜੌਨ (ਪਹਿਲਾ ਸਥਾਨ ) ਸ਼੍ਰੀ ਮੁਖਤਾਰ ਗਿੱਲ ਜੇਤੂ ਰਹੇ। ਹਰ ਸਾਲ ਦੀ ਤਰ੍ਹਾਂ ਪਹਿਲੀ ਜੁਲਾਈ ਨੂੰ ਕੈਨੇਡਾ ਡੇ ਵਾਲੇ ਦਿਨ ਤੇ ਜੇਤੂਆਂ ਨੂੰ ਟਰਾਫੀ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

# ਸਾਕਾ ਵਾਲਿਆਂ ਨੇ ਮੀਟਿੰਗ ਦੌਰਾਨ ਜੂਨ 84 ਦੇ ਸ਼ਹੀਦਾਂ ਨੂੰ ਯਾਦ ਕੀਤਾ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਬੀਤੇ ਦਿਨੀ ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ (ਸਾਕਾ) ਕੈਲਗਰੀ ਦੀ ਮਹੀਨਾਵਾਰ ਮੀਟਿੰਗ ਸੈਮ ਸਹੋਤਾ ਦੀ ਦੇਖਰੇਖ ਹੇਠ ਹੋਈ। ਇਸ ਮੌਕੇ ਜੂਨ ਮਹੀਨੇ ਪੰਜਾਬ ਵਿੱਚ ਵਾਪਰੇ 1984 ਦੇ ਸਾਕੇ ਦੇ ਸ਼ਹੀਦਾਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਯਾਦ ਕੀਤਾ ਗਿਆ। ਸਭਾ ਦੀ ਡਾਇਰੈਕਟਰ ਦਲਬੀਰ ਕੌਰ ਕੰਗ ਨੇ ਜੀ ਆਇਆ ਆਖਦੇ ਹੋਏ ਜਿਨਾਂ ਮੈਂਬਰਾਂ ਦਾ ਮਈ ਮਹੀਨੇ ਚ ਜਨਮਦਿਨ ਸੀ ਉਹਨਾਂ ਨੂੰ ਵਧਾਈ ਦਿੱਤੀ। ਜਨਮਦਿਨ ਦਾ ਕੇਕ ਕੱਟਣ ਉਪਰੰਤ ਮਾਹੌਲ ਨੂੰ ਬਦਲਦਿਆਂ ਬਲਵਿੰਦਰ ਸਿੰਘ ਵਿਰਦੀ ਨੇ ਜੂਨ 84 ਵਾਲੇ ਘੱਲੂਘਾਰੇ ਤੇ ਕਵਿਤਾ ਪੇਸ਼ ਕੀਤੀ ਅਤੇ ਦੱਸਿਆ ਕਿ ਅਸੀਂ ਉਸ ਟਾਈਮ ਖੁਦ ਦਿੱਲੀ ਵਿੱਚ ਸੀ। ਹਰਜੀਤ ਕੌਰ ਜੌਹਲ ਨੇ ਪਤੀ ਪਤਨੀ ਦੀ ਮਿੱਠੀ ਖੱਟੀ ਲੜਾਈ ਨੂੰ ਪੇਸ਼ ਕੀਤਾ। ਸੁਰਿੰਦਰ ਕੌਰ ਬੈਨੀਪਾਲ ਨੇ ਗਜ਼ਲ ਦੇ ਰੂਪ ਵਿੱਚ ਦੱਸਿਆ ਕਿ ਸਾਡੇ ਮਨ ਨਾ ਹੁੰਦੇ ਹੋਏ ਵੀ ਸਾਨੂੰ ਕਈ ਵਾਰ ਸਖਤ ਬਣਨਾ ਪੈਂਦਾ ਹੈ। ਜਸਮਿੰਦਰ ਕੌਰ ਬਰਾੜ ਨੇ ਬੀ ਐਫ ਦੇ ਵੱਖ-ਵੱਖ ਉਮਰਾਂ ਚ ਮਤਲਬ ਦੱਸੇ। ਬਲਵੀਰ ਕੌਰ ਹਜੂਰੀ ਨੇ ਪਹਿਲੀ ਵਾਰ ਕਾਰ ਚ ਬੈਠਣ ਵਾਲੀ ਬਚਪਨ ਦੀ ਘਟਨਾ ਦੱਸੀ। ਜਦੋਂ ਸੁਰਿੰਦਰ ਕੌਰ ਸੰਧੂ ਨੇ ਫਾਦਰ ਡੇ ਬਾਰੇ ਕਵਿਤਾ ਸੁਣਾਈ। ਮਹਿੰਦਰ ਸਿੰਘ ਮੁੰਡੀ ਨੇ ਚੁਟਕਲੇ ਸੁਣਾ ਕੇ ਖੂਬ ਹਸਾਇਆ। ਕਮੇਟੀ ਮੈਂਬਰ ਹਰਦੀਪ ਸਿੰਘ ਸਿੱਧੂ,ਜਸਵੰਤ ਸਿੰਘ ਹੀਰ, ਮਹਿੰਦਰ ਸਿੰਘ ਸੰਧੂ,ਕੁਲਦੀਪ ਸਿੰਘ ਗਿੱਲ, ਰਵਿੰਦਰ ਪਾਲ ਸਿੰਘ ਚਾਹਲ, ਦਲਵੀਰ ਕੌਰ ਕੰਗ, ਜਗਜੀਤ ਸਿੰਘ ਸੋਹੀ ਹੋਰਾਂ ਨੇ ਆਪੋ ਆਪਣੀ ਡਿਊਟੀ ਪੂਰੀ ਜ਼ਿੰਮੇਵਾਰੀ ਨਾਲ ਨਿਭਾਈ। ਸ: ਗੁਰਮੇਲ ਸਿੰਘ ਸੰਧੂ ਹੋਰਾਂ ਨੇ ਸਟੇਜ ਦਾ ਸੰਚਾਲਨ ਬਾਖੂਬੀ ਨਿਭਾਇਆ।

# "ਬੇੜੀਆਂ ਲੱਗੇ ਸੁਪਨੇ" ਨਾਟਕ 28 ਜੂਨ ਨੂੰ ਦੇਖ ਸਕੋਗੇ,ਪੋਸਟਰ ਰਿਲੀਜ ਹੋਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 28 ਜੂਨ 2025 ਨੂੰ ਹੋਣ ਵਾਲ਼ੇ 14ਵੇਂ 'ਸੋਹਣ ਮਾਨ ਯਾਦਗਾਰੀ ਸਾਲਾਨਾ ਨਾਟਕ ਮੇਲੇ ਦਾ ਪੋਸਟਰ 5 ਜੂਨ ਨੂੰ ਰਿਲੀਜ਼ ਕਰ ਦਿੱਤਾ ਗਿਆ।ਇਸ ਨਾਟਕ ਮੇਲੇ ਦੀ ਤਿਆਰੀ ਲਈ ਲੋਕ ਕਲਾ ਮੰਚ, ਮੰਡੀ ਮੁੱਲਾਂਪੁਰ ਤੋਂ ਲੇਖਕ, ਕਲਾਕਾਰ ਤੇ ਨਿਰਦੇਸ਼ਕ ਹਰਕੇਸ਼ ਚੌਧਰੀ ਵਿਸ਼ੇਸ਼ ਤੌਰ ਤੇ ਕੈਲਗਰੀ ਪੁੱਜ ਚੁੱਕੇ ਹਨ ਅਤੇ 'ਪ੍ਰੋਗਰੈਸਿਵ ਕਲਾ ਮੰਚ ਕੈਲਗਰੀ' ਦੇ ਕਲਾਕਾਰਾਂ ਨੇ ਨਾਟਕ ਲਈ ਮੁੱਢਲੀ ਤਿਆਰੀ ਸ਼ੁਰੂ ਕਰ ਦਿੱਤੀ ਹੈ।ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਸਕੱਤਰ ਮਾਸਟਰ ਭਜਨ ਨੇ ਦੱਸਿਆ ਕਿ ਸਾਲਾਨਾ ਨਾਟਕ ਮੇਲੇ ਦਾ ਇਹ 14ਵਾਂ ਸਾਲ ਹੈ ਤੇ ਉਮੀਦ ਹੈ ਕਿ ਕੈਲਗਰੀ ਵਾਸੀ ਹਮੇਸ਼ਾ ਵਾਂਗ ਹੁੰਗਾਰਾ ਦੇਣਗੇ। ਉਹਨਾਂ ਦੱਸਿਆ ਕਿ ਨਾਟਕ ਮੇਲੇ ਦੀਆਂ ਟਿਕਟਾਂ ਹੁਣ ਦਰਸਕ ਖਰੀਦ ਸਕਦੇ ਹਨ ਅਤੇ ਨਾਟਕ ਮੇਲੇ ਦੀ ਟਿਕਟ ਪਹਿਲਾਂ ਵਾਂਗ ਸਿਰਫ 10 ਡਾਲਰ ਹੀ ਹੋਵੇਗੀ।ਟਿਕਟਾਂ ਬਾਰੇ ਜਾਣਕਾਰੀ 403-455-4220 ਤੇ ਫੋਨ ਕਰਕੇ ਲਈ ਜਾ ਸਕਦੀ ਹੈ।ਇਸ ਵਾਰ ਵੀ ਨਾਟਕ ਰੈਡ ਸਟੋਨ ਦੇ ਹੋਪ ਈਵੈਂਟ ਸੈਂਟਰ ਵਿੱਚ ਹੋਵੇਗਾ।

ਹਰਕੇਸ਼ ਚੌਧਰੀ ਨੇ ਦੱਸਿਆ ਕਿ ਇਸ ਵਾਰ ਨਾਟਕ ਮੇਲੇ ਦਾ ਮੁੱਖ ਨਾਟਕ "ਬੇੜੀਆਂ ਲੱਗੇ ਸੁਪਨੇ" ਗੈਰ ਕਾਨੂੰਨੀ ਤਰੀਕੇ ਡੌਂਕੀ ਰਾਹੀਂ ਰੁਲ਼ਦੀ ਜਵਾਨੀ ਤੇ ਆਧਾਰਿਤ ਹੋਵੇਗਾ।ਇਸ ਤੋਂ ਇਲਾਵਾ ਕੈਲਗਰੀ ਦੇ ਬੱਚਿਆਂ ਦੁਆਰਾ ਇੱਕ ਨਾਟਕ ਪੇਸ਼ ਕੀਤਾ ਜਾਵੇਗਾ।ਕਮਲਪ੍ਰੀਤ ਪੰਧੇਰ ਨੇ ਦੱਸਿਆ ਕਿ ਬੱਚਿਆਂ ਦੀ ਕੋਰੀਓਗਰਾਫੀ "ਨੀਂ ਗੁਆਂਢਣੇ" ਪੇਸ਼ ਕੀਤੀ ਜਾਵੇਗੀ ਜਿਸ ਵਿੱਚ ਭਾਗ ਲੈਣ ਦੇ ਚਾਹਵਾਨ ਬੱਚਿਆਂ ਦੇ ਮਾਪੇ 403-479-4220 ਤੇ ਜਾਂ ਕਮਲ ਸਿੱਧੂ ਨਾਲ਼ 403-966-7167 'ਤੇ ਸੰਪਰਕ ਕਰ ਸਕਦੇ ਹਨ।

# ਵੈਨਕੂਵਰ ਖੇਤਰ ਲੇਖਕਾਂ, ਕਲਾਕਾਰਾਂ ਅਤੇ ਪ੍ਰਸ਼ੰਸਕਾਂ ਵੱਲੋਂ ਨਾਮਵਰ ਆਰਟਿਸਟ ਜਰਨੈਲ ਸਿੰਘ ਨੂੰ ਸ਼ਰਧਾਂਜਲੀ





ਸਰੀ (ਹਰਦਮ ਮਾਨ)-ਬੀਤੇ ਦਿਨ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਵਿਖੇ ਵੈਨਕੂਵਰ ਖੇਤਰ ਦੇ ਲੇਖਕਾਂ, ਕਲਾਕਾਰਾਂ ਅਤੇ ਕਲਾ ਦੇ ਪ੍ਰਸ਼ੰਸਕਾਂ ਵੱਲੋਂ ਪੰਜਾਬੀ ਸੱਭਿਆਚਾਰ ਅਤੇ ਇਤਿਹਾਸ ਦੇ ਨਾਮਵਰ ਚਿੱਤਰਕਾਰ ਜਰਨੈਲ ਸਿੰਘ ਆਰਟਿਸਟ ਨੂੰ ਅਕੀਦਤ ਭੇਟ ਕਰਨ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਵਿਸ਼ੇਸ਼ ਇਕੱਤਰਤਾ ਕੀਤੀ ਗਈ। ਵੈਨਕੂਵਰ ਵਿਚਾਰ ਮੰਚ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸੱਦੇ 'ਤੇ ਪਹੁੰਚੇ ਕਲਾ-ਪ੍ਰੇਮੀਆਂ ਨੇ ਜਰਨੈਲ ਸਿੰਘ ਆਰਟਿਸਟ ਨਾਲ ਆਪਣੀ ਸਾਂਝ ਅਤੇ ਯਾਦਾਂ ਤਾਜ਼ੀਆਂ ਕੀਤੀਆਂ। ਇਸ ਇਕੱਤਰਤਾ ਵਿਚ ਮਰਹੂਮ ਜਰਨੈਲ ਸਿੰਘ ਦੀ ਪਤਨੀ ਬਲਜੀਤ ਕੌਰ ਪਨੇਸਰ, ਬੇਟੀ ਨੀਤੀ ਸਿੰਘ ਅਤੇ ਬੇਟਾ ਜੁਝਾਰ ਸਿੰਘ ਵੀ ਸ਼ਾਮਲ ਹੋਏ।

ਸ਼ਾਇਰ ਮੋਹਨ ਗਿੱਲ ਨੇ ਸਭਨਾਂ ਦਾ ਸਵਾਗਤ ਕਰਦਿਆਂ ਜਰਨੈਲ ਸਿੰਘ ਆਰਟਿਸਟ ਨਾਲ ਆਪਣੀਆਂ ਆਖਰੀ ਮੁਲਾਕਾਤਾਂ ਅਤੇ ਮਹਿਫ਼ਿਲਾਂ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਉਨ੍ਹਾਂ ਬੇਵਕਤ ਚਲੇ ਜਾਣਾ ਸਮੁੱਚੇ ਪੰਜਾਬੀ ਜਗਤ ਲਈ ਨਾ ਪੂਰਿਆ ਜਾਣ ਵਾਲਾ ਖੱਪਾ ਹੈ। ਉਨ੍ਹਾਂ ਨੇ ਆਪਣੀਆਂ ਕਲਾਕ੍ਰਿਤਾਂ ਰਾਹੀਂ ਪੰਜਾਬ ਦੇ ਸੱਭਿਆਚਾਰ, ਇਤਿਹਾਸ ਅਤੇ ਵਿਸ਼ੇਸ਼ ਕਰ ਕੇ ਸਿੱਖ ਇਤਿਹਾਸ ਨੂੰ ਦੁਨੀਆਂ ਦੇ ਕੋਨੇ ਕੋਨੇ ਵਿਚ ਪੁਚਾਇਆ। ਬੇਸ਼ੱਕ ਉਹ ਸਰੀਰਕ ਤੌਰ 'ਤੇ ਅਦਿੱਖ ਹੋ ਗਏ ਹਨ ਪਰ ਆਪਣੀਆਂ ਕ੍ਰਿਤਾਂ ਰਾਹੀਂ ਉਹ ਪੰਜਾਬੀਆਂ ਦੇ ਹਿਰਦਿਆਂ ਵਿਚ ਹਮੇਸ਼ਾ ਵਸਦੇ ਰਹਿਣਗੇ।

ਨਾਮਵਰ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਆਪਣੇ ਗੂੜ੍ਹੇ ਮਿੱਤਰ ਨੂੰ ਯਾਦ ਕਰਦਿਆਂ ਉਨ੍ਹਾਂ ਨਾਲ ਆਪਣੀ ਪਹਿਲੀ ਮਿਲਣੀ ਤੋਂ ਲੈ ਕੇ ਲੰਮਾਂ ਸਮਾਂ ਰਹੀ 'ਦੋ ਜਰਨੈਲਾਂ ਦੀ ਜੋੜੀ' ਤੱਕ ਦਾ ਸਫਰ ਬਹੁਤ ਹੀ ਭਾਵੁਕ ਲਫ਼ਜ਼ਾਂ ਰਾਹੀਂ ਬਿਆਨ ਕੀਤਾ। ਉਨ੍ਹਾਂ ਕਿਹਾ ਕਿ ਚਿੱਤਰ ਕਲਾ ਉਨ੍ਹਾਂ ਨੂੰ ਵਿਰਸੇ ਵਿਚ ਹੀ ਮਿਲੀ। ਉਨ੍ਹਾਂ ਦੇ ਪਿਤਾ ਸ. ਕ੍ਰਿਪਾਲ ਸਿੰਘ ਬਹੁਤ ਮਹਾਨ ਚਿੱਤਰਕਾਰ ਸਨ ਜਿਨ੍ਹਾਂ ਨੇ ਆਪਣੇ ਚਿੱਤਰਾਂ ਰਾਹੀਂ ਸਿੱਖ ਇਤਿਹਾਸ ਨੂੰ ਰੂਪਮਾਨ ਕਰ ਕੇ ਪੰਜਾਬੀ ਜਗਤ ਵਿਚ ਬਹੁਤ ਨਾਮਣਾ ਕਮਾਇਆ। ਜਰਨੈਲ ਸਿੰਘ ਆਰਟਿਸਟ ਦੇ ਦਾਦਾ ਵੀ ਬਹੁਤ ਵੱਡੇ ਨੱਕਾਸ ਸਨ ਅਤੇ ਉਨ੍ਹਾਂ ਦੀ ਕਲਾ ਅੱਜ ਵੀ ਪੰਜਾਬ ਵਿਚ ਪੁਰਾਣੇ ਦਰਵਾਜ਼ਿਆਂ 'ਤੇ ਦੇਖੀ ਜਾ ਸਕਦੀ ਹੈ।

ਅੰਗਰੇਜ਼ ਬਰਾੜ, ਮਹਿੰਦਰਪਾਲ ਸਿੰਘ ਪਾਲ ਅਤੇ ਹਰਦਮ ਸਿੰਘ ਮਾਨ ਨੇ ਕਿਹਾ ਕਿ ਜਰਨੈਲ ਸਿੰਘ ਮਹਾਨ ਚਿੱਤਰਕਾਰ ਹੋਣ ਦੇ ਨਾਲ ਨਾਲ ਬਹੁਤ ਹੀ ਨਿਮਰ ਤੇ ਦਰਵੇਸ਼ ਇਨਸਾਨ ਸਨ। ਉਹਨਾਂ ਨੂੰ ਸਿਰਫ ਚਿੱਤਰਕਲਾ ਵਿਚ ਹੀ ਮੁਹਾਰਤ ਨਹੀਂ ਸੀ ਸਗੋਂ ਸਾਹਿਤ, ਪੱਤਰਕਾਰੀ ਅਤੇ ਫਿਲਮਾਂ ਬਾਰੇ ਵੀ ਉਹ ਬੜੀ ਪਰਪੱਕ ਸੂਝ ਰੱਖਦੇ ਸਨ। ਐਡਵੋਕੇਟ ਰਾਜਵੀਰ ਢਿੱਲੋਂ ਨੇ ਕਿਹਾ ਕਿ ਜਰਨੈਲ ਸਿੰਘ ਦੀ ਕਲਾ, ਸ਼ਖ਼ਸੀਅਤ, ਨਿਮਰ ਸੁਭਾਅ ਅਤੇ ਉਨ੍ਹਾਂ ਦੀ ਸਮਾਜਿਕ ਸ਼ੈਲੀ ਤੋਂ ਉਹਨਾਂ ਨੇ ਬਹੁਤ ਕੁਝ ਗ੍ਰਹਿਣ ਕੀਤਾ। ਉਨ੍ਹਾਂ ਕਿਹਾ ਕਿ ਸਾਨੂੰ ਅਜਿਹਾ ਪ੍ਰੋਗਰਾਮ ਉਲੀਕਣਾ ਚਾਹੀਦਾ ਹੈ ਕਿ ਉਨ੍ਹਾਂ ਵੱਲੋਂ ਨਵੀਂ ਪੀੜ੍ਹੀ ਨੂੰ ਕਲਾ ਵੰਡਣ ਦਾ ਕੀਤਾ ਜਾ ਰਿਹਾ ਕਾਰਜ ਇਸ ਗੈਲਰੀ ਵਿਚ ਪਹਿਲਾਂ ਵਾਂਗ ਹੀ ਨਿਰੰਤਰ ਚਲਦਾ ਰਹੇ। ਪ੍ਰਸਿੱਧ ਸ਼ਾਇਰ ਅਜਮੇਰ ਰੋਡੇ, ਗੁਰਨਾਮ ਥਾਂਦੀ, ਬਿੱਲਾ ਤੱਖੜ ਅਤੇ ਪਰਮਜੀਤ ਸੇਖੋਂ ਨੇ ਜਰਨੈਲ ਸਿੰਘ ਦੀ ਹਲੀਮੀ ਅਤੇ ਉਨ੍ਹਾਂ ਦੀ ਕਾਰਜ ਵਿਧੀ ਬਾਰੇ ਗੱਲ ਕੀਤੀ। ਸਰਵਣ ਸਿੰਘ ਰੰਧਾਵਾ ਅਤੇ ਸਰਬਜੀਤ ਕੌਰ ਰੰਧਾਵਾ ਨੇ ਜਰਨੈਲ ਸਿੰਘ ਬਾਰੇ ਸਿਮਰਤੀ ਗਰੰਥ ਅਤੇ ਉਨ੍ਹਾਂ ਦੀਆਂ ਕਲਾਕ੍ਰਿਤਾਂ ਨੂੰ ਕਿਤਾਬੀ ਰੂਪ ਦੇਣ ਦਾ ਸੁਝਾਅ ਦਿੱਤਾ ਅਤੇ ਉਨ੍ਹਾਂ ਦੀਆਂ ਕ੍ਰਿਤਾਂ 'ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ' ਵਿਚ ਲਾਉਣ ਲਈ ਆਪਣੀਆਂ ਸੇਵਾਵਾਂ ਦੇਣ ਦੀ ਗੱਲ ਕਹੀ। ਸ਼ਾਇਰ ਰਾਜਵੰਤ ਰਾਜ ਨੇ ਕਿਹਾ ਕਿ ਜਰਨੈਲ ਸਿੰਘ ਆਰਟਿਸਟ ਹਰ ਤਰ੍ਹਾਂ ਦੀ ਸੁਸਾਇਟੀ ਵਿਚ ਹਰਮਨ ਪਿਆਰੇ ਸਨ। ਉਨ੍ਹਾਂ ਦੀ ਸ਼ਖ਼ਸੀਅਤ ਹਰ ਵਰਗ ਦੇ ਲੋਕਾਂ ਵਿਚ ਸਿਖਰ 'ਤੇ ਦਿਖਾਈ ਦਿੰਦੀ ਸੀ ਪਰ ਉਨ੍ਹਾਂ ਵਿਚ ਰੱਤੀ ਭਰ ਵੀ ਗੁਮਾਨ ਨਹੀਂ ਸੀ।

ਸਤੀਸ਼ ਗੁਲਾਟੀ ਨੇ ਕਿਹਾ ਕਿ ਜਰਨੈਲ ਸਿੰਘ ਅੱਜ ਵੀ ਆਪਣੇ ਸਦੀਵੀ ਚਿੱਤਰਾਂ ਨਾਲ ਸਾਡੇ ਵਿਚ ਮੌਜੂਦ ਹੈ ਅਤੇ ਆਪਣੀ ਘੱਟ ਬੋਲਣ ਦੇ ਸੁਭਾਅ ਸਦਕਾ ਖਾਮੋਸ਼ ਹੈ। ਬਖਸ਼ਿੰਦਰ ਨੇ ਕਿਹਾ ਕਿ ਜਿਸ ਤਰ੍ਹਾਂ ਜਰਨੈਲ ਸਿੰਘ ਨੇ ਆਪਣੇ ਪਿਤਾ ਸ. ਕਿਰਪਾਲ ਸਿੰਘ ਦੀ ਵਸੀਹਤ ਨੂੰ ਅਗਾਂਹ ਤੋਰਿਆ ਉਸੇ ਤਰ੍ਹਾਂ ਹੁਣ ਉਨ੍ਹਾਂ ਦੀ ਬੇਟੀ ਨੀਤੀ ਸਿੰਘ ਵੀ ਇਹ ਜ਼ਿੰਮੇਵਾਰੀ ਨਿਭਾਏਗੀ।

ਸ਼ਾਇਰ ਇੰਦਰਜੀਤ ਧਾਮੀ, ਅਸ਼ੋਕ ਭਾਰਗਵ, ਗੁਰਲੀਨ ਕੌਰ, ਗੁਰਦੀਪ ਸਿੰਘ ਭੁੱਲਰ, ਚਮਕੌਰ ਸਿੰਘ ਸੇਖੋਂ, ਸੁਰਜੀਤ ਸਿੰਘ ਬਾਠ, ਮੂਰਤੀਕਾਰ ਪਰਵਿੰਦਰ ਸਿੰਘ ਰਾਏਕੋਟੀ, ਸੁਖਜੀਤ ਕੌਰ, ਬਲਬੀਰ ਸਿੰਘ ਸੰਘਾ, ਸੁਰਜੀਤ ਕਲਸੀ, ਅਵਨੀਤ ਤੇਜਾ, ਅਵਤਾਰ ਤਾਰੀ, ਪਰਮਿੰਦਰ ਸਵੈਚ, ਰਾਜਿੰਦਰ ਸਿੰਘ ਪੰਧੇਰ, ਤਰਲੋਚਨ ਤਰਨਤਾਰਨ, ਮੀਨੂੰ ਬਾਵਾ, ਬਿੰਦੂ ਮਠਾੜੂ ਅਤੇ ਅਮਰਜੀਤ ਕੌਰ ਸ਼ਾਂਤ ਨੇ ਮਹਾਨ ਆਰਟਿਸਟ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਕਿਹਾ ਕਿ ਉਹ ਆਪਣੇ ਚਿੱਤਰਾਂ ਰਾਹੀਂ ਹਮੇਸ਼ਾ ਸਾਡੇ ਦਿਲਾਂ ਵਿਚ ਧੜਕਦੇ ਰਹਿਣਗੇ।

ਅੰਤ ਵਿਚ ਮੋਹਨ ਗਿੱਲ ਨੇ ਸਭ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਜਰਨੈਲ ਸਿੰਘ ਬਾਰੇ ਸਿਮਰਤੀ ਗਰੰਥ ਪ੍ਰਕਾਸ਼ਿਤ ਕਰਨ, ਉਨ੍ਹਾਂ ਦੀਆਂ ਕਲਾਕ੍ਰਿਤੀਆਂ ਨੂੰ ਪੁਸਤਕ ਅਤੇ ਡਿਜ਼ੀਟਲ ਰੂਪ ਦੇਣ ਦਾ ਕਾਰਜ ਜਲਦੀ ਹੀ ਕੀਤਾ ਜਾਵੇਗਾ। ਜਰਨੈਲ ਸਿੰਘ ਪਤਨੀ ਬਲਜੀਤ ਕੌਰ ਪਨੇਸਰ, ਬੇਟੀ ਨੀਤੀ ਸਿੰਘ ਅਤੇ ਬੇਟੇ ਜੁਝਾਰ ਸਿੰਘ ਨੇ ਉਨ੍ਹਾਂ ਨਾਲ ਹਮਦਰਦੀ ਪ੍ਰਗਟ ਕਰਨ ਲਈ ਸਭ ਦਾ ਸ਼ੁਕਰਾਨਾ ਕੀਤਾ। ਨੀਤੀ ਸਿੰਘ ਨੇ ਕਿਹਾ ਕਿ ਉਹ ਆਪਣੇ ਪਿਤਾ ਦੇ ਕਾਰਜ ਨੂੰ ਨਿਰਵਿਘਨ ਜਾਰੀ ਰੱਖੇਗੀ।





# ਸੰਪਾਦਕੀ

**ਪਾਪ ਕਰਨ ਨਾਲੋਂ ਮਾੜਾ ਹੁੰਦਾ ਕੀਤੇ ਹੋਏ ਪੁੰਨ ਦਾ ਹੰਕਾਰ ਕਰਨਾ।**

## ਜੀ 7 ਵਿੱਚ ਕਨੇਡਾ, ਅਮਰੀਕਾ ਅਤੇ ਭਾਰਤ ਦੀ ਸਮੂਲੀਅਤ

ਇਹਨੀ ਦਿਨੀ ਕੈਨੇਡਾ ਵਿੱਚ ਹੋ ਰਹੇ ਜੀ 7 ਸੰਮੇਲਨ ਨੇ ਦੁਨੀਆ ਭਰ ਦੇ ਧਿਆਨ ਨੂੰ ਆਪਣੇ ਵੱਲ ਖਿੱਚ ਲਿਆ ਹੈ। ਜਦੋਂ ਕੈਨੇਡਾ ਨੇ ਇਹ ਸੰਮੇਲਨ ਕਰਨ ਦਾ ਐਲਾਨ ਕੀਤਾ ਸੀ, ਤਾਂ ਇਹ ਉਮੀਦ ਕੀਤੀ ਜਾ ਰਹੀ ਸੀ ਕਿ ਸੰਮੇਲਨ ਵਿੱਚ ਅਹਿਮ ਗਲਤਫਹਿਮੀਆਂ ਨੂੰ ਦੂਰ ਕਰਨ ਤੇ ਆਗਾਮੀ ਆਰਥਿਕ ਨੀਤੀਆਂ ਤੇ ਵਿੱਚ ਾਰ ਕਰਨ ਦੇ ਮੌਕੇ ਮਿਲਣਗੇ। ਪਰ ਇਸ ਵਾਰ ਜੀ 7 ਦੇ ਪਲੇਟਫਾਰਮ 'ਤੇ ਅੰਤਰਰਾਸ਼ਟਰੀ ਤਣਾਅ, ਰਾਜਨੀਤਿਕ ਅਣਬਣਾਂ ਅਤੇ ਵਿਅਕਤੀਗਤ ਉਲਝਣਾਂ ਨੇ ਇਸ ਸੰਮੇਲਨ ਨੂੰ ਇੱਕ ਨਵੇਂ ਰੁਖ 'ਤੇ ਧੱਕ ਦਿੱਤਾ। ਕੈਨੇਡਾ ਦੇ ਪ੍ਰਧਾਨ ਮੰਤਰੀ, ਜੋ ਪਿਛਲੇ ਕੁੱਝ ਸਮਿਆਂ ਤੋਂ ਆਪਣੇ ਦੇਸ਼ ਅੰਦਰ ਵੱਡੇ ਵਿਰੋਧਾਂ ਦਾ ਸਾਹਮਣਾ ਕਰ ਰਹੇ ਹਨ, ਇਨ੍ਹਾਂ ਸਾਰੇ ਚੁਣੌਤੀਆਂ ਦੇ ਬਾਵਜੂਦ ਜੀ 7 ਸੰਮੇਲਨ ਦੀ ਮੇਜ਼ਬਾਨੀ ਸਫਲਤਾ ਪੂਰਵਕ ਕੀਤੀ। ਕੈਨੇਡਾ ਵਿੱਚ ਆਮ ਲੋਕਾਂ ਵੱਲੋਂ ਉਨ੍ਹਾਂ ਦੀ ਆਰਥਿਕ ਨੀਤੀਆਂ ਅਤੇ ਪਰਦੇ ਪਿੱਛੇ ਲੈਣ ਵਾਲੇ ਫੈਸਲਿਆਂ ਉੱਤੇ ਭਾਰੀ ਵਿਰੋਧ ਹੋ ਰਿਹਾ ਹੈ। ਹਾਲ ਵਿੱਚ ਹੀ ਸੜਕਾਂ 'ਤੇ ਨਿਕਲੀਆਂ ਵੱਡੀਆਂ ਰੈਲੀਆਂ ਅਤੇ ਪ੍ਰਦਰਸ਼ਨਾਂ ਨੇ ਇਹ ਸਾਬਤ ਕਰ ਦਿੱਤਾ ਕਿ ਉਨ੍ਹਾਂ ਦੀ ਲੋਕਪ੍ਰਿਯਤਾ ਘੱਟ ਰਹੀ ਹੈ। ਪਰ ਫਿਰ ਵੀ, ਪ੍ਰਧਾਨ ਮੰਤਰੀ ਨੇ ਆਪਣੇ ਅੰਤਰਰਾਸ਼ਟਰੀ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਜੀ 7 ਸੰਮੇਲਨ ਵਿੱਚ ਆਪਣੀ ਭੂਮਿਕਾ ਨਿਭਾਉਣ ਦੀ ਸੋਚ ਨੂੰ ਸੰਪੂਰਨਤਾ ਦਾ ਜਾਮਾ ਪਹਿਨਾਇਆ। ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਕੈਨੇਡਾ ਦੀ ਅਗਵਾਈ ਦੁਨੀਆ ਭਰ ਵਿੱਚ ਇੱਕ ਸਮਰੱਥ ਅਤੇ ਨਿਰਪੱਖ ਧਿਰ ਵੱਜੋਂ ਜਾਣੀ ਜਾਵੇ। ਇਸ ਸੰਮੇਲਨ ਰਾਹੀਂ ਉਹ ਚਾਹੁੰਦੇ ਹਨ ਕਿ ਕੈਨੇਡਾ ਦੀ ਅੰਤਰਰਾਸ਼ਟਰੀ ਸਾਖ ਮਜਬੂਤ ਹੋਵੇ ਅਤੇ ਦੇਸ਼ ਦੀ ਅਰਥਵਿਵਸਥਾ ਨੂੰ ਨਵੇਂ ਮੌਕੇ ਮਿਲਣ ਦੇ ਸਬੱਬ ਬਣਨ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਸ ਸੰਮੇਲਨ ਵਿੱਚ ਹਾਜਰੀ ਵੀ ਕਾਫੀ ਮਹੱਤਵਪੂਰਕ ਮੰਨੀ ਜਾ ਰਹੀ ਹੈ। ਹਾਲਾਂਕਿ ਕੈਨੇਡਾ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਦੀ ਹਾਜਰੀ ਦਾ ਵਿਰੋਧ ਕੀਤਾ ਗਿਆ। ਕਈ ਸਮੂਹਾਂ ਵੱਲੋਂ ਮੋਦੀ ਸਰਕਾਰ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਖੇਤਰੀ ਅਣਬਣਾਂ ਵਧਾਉਣ ਦੇ ਦੋਸ਼ ਲਾਏ ਜਾ ਰਹੇ ਹਨ। ਕੈਨੇਡਾ ਵਿੱਚ ਖਾਸ ਕਰਕੇ ਪੰਜਾਬੀ ਅਤੇ ਸਿੱਖ ਭਾਈਚਾਰੇ ਨੇ ਭਾਰਤੀ ਸਰਕਾਰ ਦੀਆਂ ਨੀਤੀਆਂ 'ਤੇ ਕਾਫੀ ਉਂਗਲ ਚੁੱਕੀਆਂ ਹਨ। ਪਰ ਇਸ ਸਾਰੇ ਵਿਰੋਧ ਦੇ ਬਾਵਜੂਦ, ਮੋਦੀ ਸੰਮੇਲਨ ਵਿੱਚ ਪਹੁੰਚੇ। ਭਾਰਤ ਦੀ ਗੱਲਬਾਤ ਅਰਥਵਿਵਸਥਾ, ਜਲਵਾਯੂ ਬਦਲਾਅ ਅਤੇ ਆਤੰਕਵਾਦ ਵਿਰੁੱਧ ਸਾਂਝੀ ਲੜਾਈ ਵਿੱਚ ਕੇਂਦਰ ਵਿੱਚ ਰਹੀ। ਮੋਦੀ ਦੀ ਹਾਜਰੀ ਤੋਂ ਇਹ ਵੀ ਲੱਗਦਾ ਹੈ ਕਿ ਭਾਰਤ ਹੁਣ ਜੀ 7 ਦੇ ਅਜਿਹੇ ਮੰਚਾਂ 'ਤੇ ਸਿਰਫ ਨਿਗਰਾਨ ਨਹੀਂ, ਸੱਜੇ ਹਿੱਸੇਦਾਰ ਵੱਜੋਂ ਦਿਖ ਰਿਹਾ ਹੈ।ਇਹ ਸੰਮੇਲਨ ਕੈਨੇਡਾ ਲਈ ਰਾਜਨੀਤਕ ਦ੍ਰਿਸ਼ਟੀ ਨਾਲ ਬਹੁਤ ਜ਼ਿਆਦਾ ਅਹਿਮ ਰਹੇਗਾ। ਕੈਨੇਡਾ ਨੇ ਦੁਨੀਆ ਦੀਆਂ ਵੱਡੀਆਂ ਅਰਥਵਿਵਸਥਾਵਾਂ ਅਤੇ ਆਰਥਿਕ ਸੰਕਟਾਂ 'ਤੇ ਗੰਭੀਰ ਚਰਚਾ ਕਰਨ ਦੀ ਕੋਸ਼ਿਸ਼ ਕੀਤੀ। ਪਰ ਟਰੰਪ ਦੇ ਵਿਵਾਦਪੂਰਨ ਰਵੱਈਏ ਅਤੇ ਅਮਰੀਕੀ ਹੱਠਧਰਮੀ ਨੇ ਸੰਮੇਲਨ ਦੀ ਸਾਂਝੀ ਰੂਹ ਨੂੰ ਥੋੜ੍ਹਾ ਝਟਕਾ ਦਿੱਤਾ ਹੈ। ਦੁਨੀਆ ਨੂੰ ਇਹ ਸਮਝ ਆਉਂਦੀ ਜਾ ਰਹੀ ਹੈ ਕਿ ਟਰੰਪ ਵਰਗੇ ਆਗੂ ਸੰਮੇਲਨ ਵਿੱਚ ਅਸਹਿਯੋਗ ਦੀ ਨਵੀਂ ਰਾਜਨੀਤੀ ਲੈ ਕੇ ਆ ਰਹੇ ਹਨ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ, ਸੰਮੇਲਨ ਦੌਰਾਨ ਉਹ ਇੱਕ ਵਾਰੀ ਫਿਰ ਸਧਰਾਂ ਅਤੇ ਰਵਾਇਤੀ ਰਾਜਨੀਤਿਕ ਲਕੀਰਾਂ ਨੂੰ ਤੋੜ ਕੇ ਚਲੇ ਗਏ। ਟਰੰਪ ਨੇ ਸੰਮੇਲਨ ਦੌਰਾਨ ਕਈ ਮੁੱਦਿਆਂ 'ਤੇ ਕੈਨੇਡਾ ਅਤੇ ਹੋਰ ਯੂਰਪੀ ਦੇਸ਼ਾਂ ਨਾਲ ਸਿੱਧਾ ਟਕਰਾ ਲਿਆ। ਉਨ੍ਹਾਂ ਨੇ ਵਪਾਰਕ ਮਾਮਲਿਆਂ, ਟੈਕਸਾਂ ਅਤੇ ਆਮਦਨੀਆਂ 'ਤੇ ਐਸੇ ਕਠੋਰ ਟਿੱਪਣੀਆਂ ਕੀਤੀਆਂ, ਜੋ ਕਿ ਸੰਮੇਲਨ ਦੀ ਸੁਹਿਰਦਿਤ ਚਰਚਾ ਨੂੰ ਥੱਲੇ ਵੱਲ ਧੱਕ ਗਈਆਂ। ਕੁੱਝ ਰਿਪੋਰਟਾਂ ਮੁਤਾਬਕ, ਟਰੰਪ ਨੇ ਅਚਾਨਕ ਸੰਮੇਲਨ ਛੱਡ ਕੇ ਜਾਂਦੇ ਹੋਏ ਕੈਨੇਡਾ 'ਤੇ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਕੈਨੇਡਾ ਦੀ ਆਰਥਿਕਤਾ ਅਮਰੀਕਾ ਦੇ ਮੁਕਾਬਲੇ ਕਮਜ਼ੋਰ ਹੈ ਅਤੇ ਉਹ ਅਮਰੀਕਾ ਦੀ ਵਜ੍ਹਾ ਨਾਲ ਹੀ ਵਧ ਰਹੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਘਰੇਲੂ ਵਿਰੋਧਾਂ ਦੇ ਬਾਵਜੂਦ ਸੰਮੇਲਨ ਵਿੱਚ ਮਜ਼ਬੂਤੀ ਨਾਲ ਆਪਣੀ ਭੂਮਿਕਾ ਨਿਭਾਈ, ਟਰੰਪ ਨੇ ਆਪਣੇ ਵਿਵਾਦਤਮਕ ਰਵੱਈਏ ਨਾਲ ਸੰਮੇਲਨ ਨੂੰ ਸਿਆਸੀ ਹੱਲਾ ਹੋਅ ਦੀ ਦਲਦਲ ਵਿੱਚ ਧੱਕਿਆ, ਜਦਕਿ ਨਰਿੰਦਰ ਮੋਦੀ ਨੇ ਭਾਰਤ ਦੇ ਵਧ ਰਹੇ ਅੰਤਰਰਾਸ਼ਟਰੀ ਰੁਤਬੇ ਦੀ ਪੁਸ਼ਟੀ ਕੀਤੀ। ਇਹ ਸੰਮੇਲਨ ਕੈਨੇਡਾ ਲਈ ਇੱਕ ਦਿਲਚਸਪ ਅਤੇ ਚੁਣੌਤੀਪੂਰਨ ਮੋੜ ਸਾਬਤ ਹੋਇਆ। ਹੁਣ ਦੇਖਣਾ ਇਹ ਹੋਵੇਗਾ ਕਿ ਸੰਮੇਲਨ ਤੋਂ ਬਾਅਦ ਕੈਨੇਡਾ ਦੀ ਅਗਵਾਈ, ਅਮਰੀਕਾ ਦੀ ਸਿਆਸਤ ਅਤੇ ਭਾਰਤ ਦੀ ਭੂਮਿਕਾ ਕਿਵੇਂ ਵਿਕਸਤ ਹੁੰਦੀ ਹੈ।

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ, ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸ਼ਤਿਹਾਰਾਂ ਸੰਬੰਧੀ, ਸਬੰਧਤ ਚੀਜ਼ਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸੰਬੰਧੀ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਗਿਆਰਾਂ ਸਾਲ, ਗਿਆਰਾਂ ਦਿਨ ਕਾਰਗੁਜ਼ਾਰੀ ਕੀ ?



ਗੁਰਮੀਤ ਸਿੰਘ ਪਲਾਹੀ
-9815802070

26 ਮਈ 2014 ਨੂੰ ਭਾਜਪਾ ਆਗੂ ਨਰੇਂਦਰ ਮੋਦੀ ਨੇ ਦੇਸ਼ ਭਾਰਤ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਸੰਭਾਲੀ। ਗਿਆਰਾਂ ਸਾਲ, ਗਿਆਰਾਂ ਦਿਨ ਬੀਤ ਗਏ ਹਨ, ਉਹਨਾ ਨੂੰ ਇਹ ਸ਼ਕਤੀਸ਼ਾਲੀ ਅਹੁਦਾ ਸੰਭਾਲਿਆਂ। ਮੋਦੀ ਜੀ ਦੇ ਸ਼ਬਦਾਂ ਦਾ ਸੰਖੇਪ ਜਾਣੀਏ ਤਾਂ ਉਹ ਇਹ ਕਹਿੰਦੇ ਹਨ ਕਿ ਇਸ ਸਮੇਂ ਵਿੱਚ ਉਹਨਾਂ ਉਹ ਕੰਮ ਕੀਤੇ ਹਨ, ਜਿਹੜੇ (ਆਜ਼ਾਦੀ ਦਿਹਾੜੇ) 15 ਅਗਸਤ 1947 ਜਾਂ (ਗਣਤੰਤਰ ਦਿਹਾੜੇ) 26 ਜਨਵਰੀ 1950 ਤੋਂ ਬਾਅਦ 2014 ਤੱਕ ਕਿਸੇ ਪ੍ਰਧਾਨ ਮੰਤਰੀ ਜਾਂ ਕਿਸੇ ਸਰਕਾਰ ਨੇ ਨਹੀਂ ਕੀਤੇ। ਉਹਨਾਂ ਤੋਂ ਪਹਿਲਾਂ ਸਾਰੇ ਪ੍ਰਧਾਨ ਮੰਤਰੀਆਂ ਨੇ ਤਾਂ ਦੇਸ਼ ਦੇ ਲੋਕਾਂ ਨੂੰ ਗੁੰਮਰਾਹ ਹੀ ਕੀਤਾ ਹੈ, ਲੋਕਾਂ ਲਈ ਕੋਈ ਕੰਮ ਨਹੀਂ ਕੀਤਾ। ਗਿਆਰਾਂ ਸਾਲਾਂ, ਗਿਆਰਾਂ ਦਿਨਾਂ ਚ ਸਿਰਫ਼ ਉਹਨਾਂ ਨੇ ਹੀ ਦੇਸ਼ ਚ ਵਿਕਾਸ ਦੀਆਂ ਨੇਰ੍ਹੀਆਂ ਲਿਆ ਦਿੱਤੀਆਂ ਹਨ। ਲੋਕਾਂ ਦੇ ਪੈਰ੍ਹਾਂ ਥੱਲੇ ਮੱਖਮਲ ਵਿਛਾ ਦਿੱਤੀ ਹੈ। ਚੱਪਲਾਂ ਵਾਲੇ ਵੀ ਜਹਾਜ਼ੇ ਚੜ੍ਹਾ ਦਿੱਤੇ ਹਨ।

ਦੇਸ਼ 'ਚ ਅਮੀਰ ਅਤੇ ਵੱਡੇ ਅਮੀਰ 20 ਫ਼ੀਸਦੀ ਹਨ, ਅਤੇ ਬਹੁਤ ਗਰੀਬ 20 ਫ਼ੀਸਦੀ ਹਨ। ਇਹਨਾਂ ਦੋਹਾਂ ਵਰਗਾਂ ਚ ਨਾ-ਬਰਾਬਰੀ ਇੰਨੀ ਵੱਡੀ ਹੈ ਕਿ ਨੇੜ ਭਵਿੱਖ ਵਿੱਚ ਇਹ ਖੱਪਾ ਪੂਰਾ ਹੋਣ ਦੇ ਕੋਈ ਆਸਾਰ ਹੀ ਨਹੀਂ। ਹੇਠਲੇ 20 ਫ਼ੀਸਦੀ ਲੋਕਾਂ 'ਚ ਡਰ ਦੀ ਭਾਵਨਾ ਹੈ, ਅਸੁਰੱਖਿਆ ਹੈ। ਦੇਸ਼ ਬਹੁ ਗਿਣਤੀ, ਸੰਪਰਦਾਇਕ ਅਤੇ ਜਾਤੀ ਸੰਘਰਸ਼ ਦਾ ਸਾਹਮਣਾ ਕਰ ਰਿਹਾ ਹੈ। ਨਫ਼ਰਤੀ ਭਾਸ਼ਣ ਅਤੇ ਲਿਖਤਾਂ, ਸਰਕਾਰਾਂ ਤੇ ਪੂੰਜੀਪਤੀਆਂ 'ਚ ਖੁੱਲ੍ਹਾ ਗੱਠਜੋੜ, ਅਪਰਾਧਿਕ ਰੁਚੀਆਂ ਚ ਵਾਧਾ, ਨਿਆਪਾਲਿਕਾ ਦਾ ਪਤਨ, ਸੰਘੀ ਢਾਂਚੇ 'ਚ ਤਰੇੜਾਂ ਨਹੀਂ ਦਰਾੜਾਂ ਅਤੇ ਵੱਧ ਰਹੀਆਂ ਹਾਕਮਾਂ ਦੀਆਂ ਡਿਕਟੇਟਰਾਨਾਂ ਰੁਚੀਆਂ ਨੇ ਦੇਸ਼ ਨੂੰ ਤਬਾਹੀ ਕੰਢੇ ਲਿਆ ਖੜ੍ਹਾ ਕੀਤਾ ਹੈ। ਕਿੱਡੀ ਵੱਡੀ ਹੈ ਇਹ ਪ੍ਰਾਪਤੀ ਇੰਨੇ ਵਰ੍ਹਿਆਂ 'ਚ! ਸਿਖਰਲੇ ਅਤੇ ਹੇਠਲੇ ਵਰਗਾਂ ਦਾ ਅੰਤਰ ਅਤੇ ਸਿਖਰਲਿਆਂ ਨੂੰ ਬਖ਼ਸ਼ੀਆਂ ਜਾ ਰਹੀਆਂ ਹਕੂਮਤੀ ਸੁਵਿਧਾਵਾਂ ਇਸ ਗੱਲੋਂ ਪ੍ਰਮਾਣਿਤ ਹਨ ਕਿ ਅਹਿਮਦਾਬਾਦ ਅਤੇ ਮੁੰਬਈ ਵਿਚਕਾਰ ਚਲਾਈ ਜਾਣ ਵਾਲੀ ਬੁਲਟ ਟ੍ਰੇਨ ਪ੍ਰਯੋਜਨਾ ਉੱਤੇ 1,08,000 ਕਰੋੜ ਖ਼ਰਚੇ ਜਾਣੇ ਹਨ ਜਦ ਕਿ ਧਨ ਦੀ ਭਾਰੀ ਘਾਟ ਕਾਰਨ ਰੇਲ ਵਿੱਚ ਆਮ ਲੋਕਾਂ ਲਈ ਸੁਵਿਧਾਵਾਂ ਤਹਿਸ਼-ਨਹਿਸ਼ ਹੋਈਆਂ ਪਈਆਂ ਹਨ। 2014 ਤੋਂ 2025 ਵਿਚਕਾਰ 29,970 ਲੋਕ ਰੇਲ ਹਾਦਸਿਆਂ 'ਚ ਮਾਰੇ ਗਏ ਅਤੇ 30,214 ਜ਼ਖ਼ਮੀ ਹੋਏ, ਇਹ ਦੇਸ਼ ਦੇ ਸਭ ਤੋਂ ਵੱਡੇ ਮਹਿਕਮੇ 'ਚ ਵਾਪਰਿਆ ਹੈ।

ਦੇਸ਼ ਦੇ ਬਿਹਤਰ ਜੀਵਨ ਦੀ ਕੁੰਜੀ, ਉਸ ਦੇਸ਼ ਦੇ ਨਾਗਰਿਕ ਦੀ ਪ੍ਰਤੀ ਜੀਅ ਆਮਦਨ ਹੈ ਨਾ ਕਿ ਜੀਡੀਪੀ ਦਾ ਆਕਾਰ। ਦੇਸ਼ ਦੀ ਪ੍ਰਤੀ ਜੀਅ ਆਮਦਨ 10 ਸਾਲਾਂ ਵਿੱਚ 1,438 ਅਮਰੀਕੀ ਡਾਲਰ ਤੋਂ 2,711 ਡਾਲਰ ਤੱਕ ਵਧੀ ਅਤੇ ਗਿਆਰਵੇਂ ਸਾਲ ਇਹ 2,878 ਤੱਕ ਪਹੁੰਚੀ। ਇਸ ਲਿਹਾਜ ਨਾਲ ਭਾਰਤ 196 ਦੇਸ਼ਾਂ ਵਿੱਚੋਂ 136ਵੇਂ ਸਥਾਨ 'ਤੇ ਹੈ। ਵਿਕਸਿਤ ਦੇਸ ਬਣਨ ਲਈ ਕਿਸੇ ਦੇਸ ਦੀ ਆਮਦਨ ਪ੍ਰਤੀ ਜੀਅ 14,000 ਡਾਲਰ ਜ਼ਰੂਰੀ ਹੈ। ਦੇਸ਼ ਦਾ ਆਮ ਨਾਗਰਿਕ ਕਦੋਂ ਇਸ ਆਮਦਨ ਪੱਧਰ 'ਤੇ ਪੁੱਜ ਸਕੇਗਾ? ਜਦ ਕਿ ਉਸ ਦੇ ਆਰਥਿਕ ਹਾਲਾਤ ਬਹੁਤ ਪਤਲੇ ਹਨ। ਪਰ ਦੇਸ਼ ਦਾ ਵੱਡਾ, ਵਿਸ਼ੇਸ਼ ਵਰਗ ਵੱਡੀਆਂ ਉਡਾਰੀਆਂ ਭਰ ਰਿਹਾ ਹੈ। ਪਿਛਲੇ ਦਿਨੀ ਅਖ਼ਬਾਰਾਂ ਦੀਆਂ ਸੁਰਖੀਆਂ ਚ ਇਹ ਖ਼ਬਰ ਛਾਈ ਹੋਈ ਹੈ ਕਿ ਭਾਰਤ ਵਿੱਚ ਗਰੀਬੀ ਘੱਟ ਗਈ ਹੈ। ਗਰੀਬੀ ਤੋਂ ਹੇਠਲੇ ਪੱਧਰ 'ਤੇ ਬਹੁਤ ਘੱਟ ਲੋਕ ਰਹਿ ਗਏ ਹਨ। ਗਰੀਬੀ ਦੇ ਸ਼ਹਿਰਾਂ 'ਚ ਦਰਸ਼ਨ ਕਰਨੇ ਹੋਣ ਤਾਂ ਮੁੰਬਈ ਚ ਮਰੀਨ ਡਰਾਈਵ 'ਤੇ ਜਾਓ, ਪਤਾ ਲੱਗ ਜਾਏਗਾ ਕਿ ਦਹਾਕਿਆਂ ਤੋਂ ਇੱਥੇ ਲੋਕ ਬਿਨਾਂ ਛੱਤ ਤੋਂ ਬਸੇਰਾ ਕਰਦੇ ਹਨ। ਬੱਚੀਆਂ ਚੂੜੀਆਂ ਵੇਚ ਕੇ ਗੁਜ਼ਾਰਾ ਕਰਦੀਆਂ ਹਨ ਅਤੇ ਮਸਾਂ ਢਿੱਡ ਭਰਦੀਆਂ ਹਨ। ਹੈਰਾਨੀ ਵਾਲੀ ਗੱਲ ਹੈ ਕਿ ਕੀ ਇਹ ਗਰੀਬੀ ਨਹੀਂ? ਪਰ ਦੂਜੇ ਪਾਸੇ ਗਗਨ ਚੁੰਬੀ



ਇਮਾਰਤਾਂ, ਹਾਈਵੇ ਵੱਧ ਰਹੇ ਹਨ। ਕਿਸ ਵਾਸਤੇ ਤੇ ਕਿਉਂ?

ਯਾਦ ਕਰ ਸਕਦੇ ਹੋ ਕਰੋਨਾ ਕਾਲ ਨੂੰ ਜਦੋਂ ਸ਼ਹਿਰਾਂ ਚੋਂ ਕੰਮ ਕਰਦੇ ਮਜ਼ਦੂਰ ਫੈਕਟਰੀਆਂ ਤੇ ਕਾਰੋਬਾਰ ਬੰਦ ਹੋਣ ਕਾਰਨ, ਪੈਦਲ ਆਪਣੇ ਪਿਛਲੇ ਪਿੰਡਾਂ ਤੱਕ ਚਾਲੇ ਪਾ ਗਏ। ਸਿਰਫ਼ ਮਗਨਰੇਗਾ ਹੀ ਇਕ ਸਕੀਮ ਸੀ, ਜਿਸ ਅਧੀਨ ਇਹ ਕਾਮੇ ਪਿੰਡਾਂ ਚ ਕੰਮ 'ਤੇ ਲੱਗੇ ਤੇ ਮਜ਼ਦੂਰਾਂ ਪ੍ਰਤੀ ਦਿਨ 250 ਰੁਪਏ ਪ੍ਰਾਪਤ ਕਰ ਸਕੇ, ਉਹ ਵੀ ਸਾਲ ਦੇ 100 ਦਿਨ ਪਰ ਭੁੱਖੇ ਮਰਨੋਂ ਬਚੇ ਰਹੇ। ਇਸ ਕਾਲ ਦੀ ਪ੍ਰਾਪਤੀ ਵੇਖੋ, ਸੈਂਕੜੇ ਹੋਰ ਧਨਾਡ ਅਰਬਪਤੀਆਂ ਦੀ ਲਿਸਟ ਵਿੱਚ ਸ਼ਾਮਿਲ ਹੋ ਗਏ। ਪਰ ਸਵਾਲ ਹੈ ਕਿ 11 ਸਾਲਾਂ 11 ਦਿਨਾਂ ਦੇ ਸ਼ਾਸਨ ਕਾਲ ਚ ਕਿ ਮੋਦੀ ਜੀ ਦੀ ਸਰਕਾਰ ਗਰੀਬੀ ਹਟਾਉਣ ਦੇ ਨਵੇਂ ਢੰਗ ਤਰੀਕੇ, ਸਾਧਨ ਲੱਭ ਸਕੀ? ਉਸ ਵੱਲੋਂ ਮਗਨਰੇਗਾ ਨੂੰ ਨਿੰਦਿਆ ਗਿਆ। ਪਹਿਲੀਆਂ ਚਲਦੀਆਂ ਵਿਕਾਸ ਸਕੀਮਾਂ ਦੇ ਰੰਗ-ਢੰਗ ਬਦਲ ਦਿੱਤੇ ਗਏ। ਹੁਣ ਯੋਜਨਾਵਾਂ ਬਣਦੀਆਂ ਹਨ ਉਹ, ਜਿਹੜੀਆਂ ਹਾਕਮਾਂ ਪੱਲੇ ਵੋਟ ਪਾਉਂਦੀਆਂ ਹਨ। ਮਹਾਰਾਸ਼ਟਰ ਸੂਬੇ ਦੀ ਚੋਣ ਜਿੱਤਣ ਲਈ ਭਾਰਤੀ ਜਨਤਾ ਪਾਰਟੀ ਨੇ "ਲਾਡਲੀ ਬਹਿਨਾ" ਯੋਜਨਾ ਬਣਾ ਲਈ। ਜਾਂ ਫਿਰ ਸਰਕਾਰਾਂ ਇਹੋ ਜਿਹੇ ਢੰਗ ਤਰੀਕੇ ਲੱਭਦੀਆਂ ਹਨ ਲੋਕਾਂ ਨੂੰ ਖੈਰਾਤ ਵੰਡਣ ਦੇ, ਜਿਸ ਨਾਲ ਉਨਾਂ ਦੀ ਪਾਰਟੀ ਤਾਕਤ ਚ ਆਉਂਦੀ ਹੈ। ਇਹ ਖੈਰਾਤਾਂ ਲੈਣ ਲਈ ਲੰਬੀਆਂ ਕਤਾਰਾਂ ਲੱਗਦੀਆਂ ਹਨ, ਕਿੰਨਾਂ ਲੋਕਾਂ ਦੀਆਂ ਆਖ਼ਰ? ਬਿਨਾਂ ਸ਼ੱਕ ਗਰੀਬਾਂ ਦੀਆਂ। 80 ਕਰੋੜ ਇਹੋ ਗਰੀਬ ਲੋਕ ਉਹ ਮੁਫ਼ਤ ਦਾ ਰਾਸ਼ਨ ਪ੍ਰਾਪਤ ਕਰਦੇ ਹਨ ਤਾਂ ਫਿਰ ਗਰੀਬਾਂ ਦੀ ਲਿਸਟ ਕਿਵੇਂ ਘਟੀ? 4,026 ਦਿਨਾਂ ਦੀ ਮੋਦੀ ਹਕੂਮਤ ਆਮ ਲੋਕਾਂ ਪੱਲੇ ਕੀ ਪਾ ਸਕੀ?

ਇੱਕ ਵਿਕਾਸਸ਼ੀਲ ਦੇਸ ਆਪਣੀ ਤਰੱਕੀ ਦੀ ਵਾਰਤਾ ਵੱਡੇ ਅੰਕੜਿਆਂ ਚ ਦਿਖਾਉਂਦੇ ਹਨ। ਦੱਸਦੇ ਹਨ ਕਿ ਵੱਡੀ ਮਾਤਰਾ ਚ ਸਕੂਲ ਖੋਲੇ, ਸੜਕਾਂ ਦਾ ਨਿਰਮਾਣ ਹੋਇਆ ਹੈ। ਪਰ ਕੀ ਮਾਤਰਾ ਵਿੱਚ ਵਾਧਾ ਦੇਸ ਦੀ ਤਰੱਕੀ ਹੈ? ਕੀ ਚੰਗਾ ਰਾਜ ਪ੍ਰਬੰਧ ਹੈ? ਚੰਗਾ ਰਾਜ ਪ੍ਰਬੰਧ ਉਸਨੂੰ ਮੰਨਿਆ ਜਾਂਦਾ ਹੈ ਜਦ ਦੇਸ 'ਚ ਸਾਰਿਆਂ ਲਈ ਵਧੀਆ, ਮਜ਼ਬੂਤ ਅਤੇ ਨਿਆ ਸੰਗਤ ਵਿਵਸਥਾ ਹੋਵੇ ਅਤੇ ਹਰ ਵਿਅਕਤੀਆਂ ਨੂੰ ਸੰਤੁਸ਼ਟੀ ਹੋਵੇ ਕਿ ਉਸਦਾ ਅਤੇ ਉਸਦੇ ਪਰਿਵਾਰ ਦਾ ਭਵਿੱਖ ਹੋਰ ਵੀ ਚੰਗੇਰਾ ਬਣੇਗਾ। ਪਰ 11 ਸਾਲ 11 ਦਿਨ ਚੰਗਾ ਰਾਜ ਪ੍ਰਬੰਧ ਨਹੀਂ ਦੇ ਸਕਿਆ। ਕੀ ਮੋਦੀ ਜੀ ਦੱਸ ਸਕਦੇ ਹਨ ਕਿ ਕਿੰਨੇ ਲੱਖ ਲੋਕਾਂ ਦਾ ਜੀਵਨ ਪੱਧਰ ਵਧਿਆ? ਕਿੰਨੇ ਲੱਖ ਲੋਕਾਂ ਨੂੰ ਬਿਹਤਰ ਰੁਜ਼ਗਾਰ ਮਿਲਿਆ। ਕੀ ਲੋਕ ਇਸ ਸਮੇਂ ਦੌਰਾਨ ਬੇਰੁਜ਼ਗਾਰੀ, ਗਰੀਬੀ ਤੋਂ ਡਰ ਰਹਿਤ ਹੋ ਸਕੇ? ਇਸ ਤੋਂ ਵੀ ਵੱਡੀ ਗੱਲ ਇਹ ਜਾਨਣ ਵਾਲੀ ਹੈ ਕਿ ਇਸ ਸਮੇਂ ਦੌਰਾਨ ਕਿ ਭਾਰਤ 'ਚ ਨਿਆ ਸੰਗਤ ਵਿਵਸਥਾ ਬਣ ਸਕੀ ਹੈ? ਕੀ ਕਾਨੂੰਨ ਵਿਵਸਥਾ ਚੰਗੀ ਹੋਈ ਹੈ? ਕੀ ਲੋਕ ਪਹਿਲਾਂ ਨਾਲੋਂ ਸੌਖਾ ਮਹਿਸੂਸ ਕਰ ਸਕੇ ਹਨ? ਕੀ ਔਰਤਾਂ ਮਾਨਸਿਕ ਤੌਰ 'ਤੇ ਸੁਰੱਖਿਅਤ ਮਹਿਸੂਸ ਕਰਦੀਆਂ ਹਨ? ਇਹਨਾਂ ਸਾਲਾਂ ਚ ਵੱਡੀਆਂ ਸ਼ਰਮਨਾਕ ਘਟਨਾਵਾਂ ਵਾਪਰੀਆਂ ਹਨ। ਮਣੀਪੁਰ, ਦਿੱਲੀ ਅਤੇ ਦੇਸ ਦੇ ਹੋਰ ਕਈ ਥਾਵਾਂ ਉੱਤੇ ਫਿਰਕੂ ਫਸਾਦ ਹੋਏ, ਉਸ ਕਾਰਨ ਦੇਸ਼ ਦੇ ਘੱਟ ਗਿਣਤੀ ਲੋਕ ਅਸੁਰੱਖਿਅਤ ਹੋਏ। ਕਈ ਹਾਲਤਾਂ 'ਚ ਘੱਟ ਗਿਣਤੀ ਲੋਕ ਆਪਣੇ-ਆਪ ਨੂੰ ਦੂਜੇ ਦਰਜੇ ਦੇ ਸ਼ਹਿਰੀ ਮੰਨਣ ਲੱਗ ਪਏ, ਜਿਹੜੇ ਲਗਾਤਾਰ ਧਾਰਮਿਕ ਬਹੁ ਗਿਣਤੀ ਲੋਕਾਂ ਦੇ ਧੱਕੇ, ਧੌਂਸ ਦਾ ਸ਼ਿਕਾਰ ਹੋਏ ਹਨ। 2014 'ਚ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਾਂਗਡੋਰ ਸੰਭਾਲੀ ਸੀ ਤਾਂ ਦੇਸ਼ ਦੀ ਪਾਰਲੀਮੈਂਟ 'ਚ ਗਿਣਤੀ ਦੇ ਕੁਝ ਵਿਅਕਤੀ ਹੀ ਸਨ, ਜਿਨਾਂ ਉੱਤੇ ਅਪਰਾਧਿਕ ਕੇਸ ਦਰਜ ਸਨ। ਮੋਦੀ ਜੀ ਨੇ ਐਲਾਨਿਆ ਸੀ ਕਿ ਕਿਸੇ ਉਸ ਵਿਅਕਤੀ ਨੂੰ ਦੇਸ਼ ਦੀ ਕਾਨੂੰਨ ਘੜਨੀ ਸਭਾ 'ਚ ਬੈਠਣ ਦੀ ਆਗਿਆ ਉਹ ਅੱਗੋਂ ਤੋਂ ਨਹੀਂ ਦੇਣਗੇ, ਜਿਨਾਂ 'ਤੇ ਅਪਰਾਧਿਕ ਮਾਮਲੇ ਹਨ। ਪਰ 2024 ਦੀ ਪਾਰਲੀਮੈਂਟ ਚ 46 ਫ਼ੀਸਦੀ ਮੈਂਬਰ ਪਾਰਲੀਮੈਂਟ, ਅਪਰਾਧਿਕ ਕੇਸਾਂ ਵਾਲੇ ਬੈਠੇ ਹਨ। ਇਹ ਪਿਛਲੇ ਸਮੇਂ ਦੀ ਰਿਕਾਰਡ ਗਿਣਤੀ ਹੈ। ਕੀ ਇਸ ਨੂੰ 11 ਸਾਲਾਂ ਦੀ ਵੱਡੀ ਪ੍ਰਾਪਤੀ ਚ ਸਾਮਿਲ ਕੀਤਾ ਜਾਵੇ ਕਿ ਦੇਸ 'ਚ ਧੰਨ ਕੁਬੇਰ ਅਪਰਾਧਿਕ ਪਿਛੋਕੜ ਵਾਲੇ ਧੱਕੜ ਲੋਕਾਂ ਦਾ ਕਬਜ਼ਾ ਹੋ ਗਿਆ ਹੈ? ਕੀ ਇਹਨਾਂ ਤੋਂ ਆਮ ਆਦਮੀ ਨੂੰ ਕੋਈ ਇਨਸਾਫ਼ ਮਿਲਣ ਦੀ ਤਵੱਕੋ ਹੈ?

ਦੇਸ਼ ਦੀ ਸਾਰੀ ਸ਼ਕਤੀ ਪ੍ਰਧਾਨ ਮੰਤਰੀ ਦੇ ਹੱਥਾਂ 'ਚ ਕੇਂਦਰਿਤ ਹੈ। ਸਵੇਰੇ-ਸ਼ਾਮ ਉਨਾਂ ਦੇ ਨਾਂ ਦੀ ਮਾਲਾ ਮੀਡੀਆ 'ਚ ਜਪੀ ਜਾਂਦੀ ਹੈ। ਪਾਰਟੀ ਪੱਧਰ ਉੱਤੇ ਉਹਨਾਂ ਦਾ ਵੱਡਾ ਜਸ ਗਾਇਆ ਜਾਂਦਾ ਹੈ। ਇਨਾਂ ਸ਼ਕਤੀਆਂ ਦੇ ਬਾਵਜੂਦ ਜੇਕਰ ਦੇਸ਼ ਬਿਹਤਰ, ਜ਼ਿਆਦਾ ਮਜ਼ਬੂਤ ਅਤੇ ਨਿਆ ਸੰਗਤ ਨਹੀਂ ਬਣਦਾ ਤਾਂ ਉਸ ਦੀ ਕਾਰਗੁਜ਼ਾਰੀ ਉੱਤੇ ਪ੍ਰਸ਼ਨ ਚਿੰਨ ਤਾਂ ਲੱਗਣਗੇ ਹੀ।

ਰਾਜ ਭਾਗ ਦੇ ਇੰਨੇ ਸਾਲਾਂ ਚ ਮੋਦੀ ਜੀ ਨੇ ਅੱਧੇ ਤੋਂ ਵੱਧ ਦੁਨੀਆਂ ਦੇ ਦੇਸ਼ਾਂ ਦਾ ਦੌਰਾ ਕਰ ਲਿਆ ਆਪਣੀ ਸਖਸ਼ੀਅਤ ਦੇ ਉਭਾਰ ਲਈ। ਉਹਨਾ ਨੇ ਕਿੰਨੇ ਦੇਸ਼ ਮਿੱਤਰ ਬਣਾਏ, ਉਹ ਇਸ ਗੱਲ ਤੋਂ ਵੇਖਿਆ ਜਾ ਸਕਦਾ ਹੈ ਕਿ ਪਾਕਿਸਤਾਨ ਨਾਲ ਕੁਝ ਦਿਨਾਂ ਦੀ ਲੜਾਈ ਦੌਰਾਨ ਕੋਈ ਵੀ ਦੇਸ਼ ਉਹਨਾਂ ਨਾਲ ਨਹੀਂ ਖੜਿਆ, ਅਮਰੀਕਾ ਵੀ ਨਹੀਂ। ਉਹਨਾਂ ਇਹਨਾਂ ਸਾਲਾਂ 'ਚ ਦੇਸ਼ ਦੀ ਵਿਦੇਸ਼ੀ ਨੀਤੀ ਨਾਲ ਜਿਵੇਂ ਖਿਲਵਾੜ ਕੀਤਾ, ਉਨਾਂ ਦੀ ਕਾਰਗੁਜ਼ਾਰੀ 'ਤੇ ਸਵਾਲ ਤਾਂ ਉੱਠਣਗੇ ਹੀ। 11 ਸਾਲ, 11 ਦਿਨਾਂ ਦਾ ਸਮਾਂ ਕੋਈ ਘੱਟ ਨਹੀਂ ਹੁੰਦਾ। ਇਸ ਸਮੇਂ ਨੂੰ 'ਸਭ ਕਾ ਸਾਥ ਸਭ ਕਾ ਵਿਕਾਸ' ਲਈ ਵਰਤਿਆ ਜਾ ਸਕਦਾ ਹੈ। ਪਰ ਵਿਕਾਸ ਤਾਂ ਉਹਨਾਂ ਆਪਣੇ ਨਿੱਜੀ ਹਿੱਤਾਂ ਨੂੰ ਸਾਹਮਣੇ ਰੱਖ ਕੇ ਕੀਤਾ ਜਾਂ ਕਰਵਾਇਆ। ਦੇਸ਼ ਦੇ ਸੰਘੀ ਢਾਂਚੇ ਨੂੰ ਸੱਟ ਮਾਰੀ, ਧਾਰਮਿਕ ਘੱਟ ਗਿਣਤੀਆਂ ਦਾ ਵਿਸ਼ਵਾਸ ਤਾਰ-ਤਾਰ ਕੀਤਾ, ਸੰਵਿਧਾਨ ਦੀਆਂ ਪਰੰਪਰਾਵਾਂ ਨੂੰ ਤੋੜ ਕੇ ਵਿਰੋਧੀ ਸਰਕਾਰਾਂ ਤੋੜੀਆਂ, ਖੁਦ ਮੁਖਤਾਰ ਸੰਸਥਾਵਾਂ ਨੂੰ ਆਪਣੇ ਹਿੱਤਾਂ ਲਈ ਵਰਤਿਆ, ਨਿਆਪਾਲਿਕਾ ਨੂੰ ਕਮਜ਼ੋਰ ਕਰਨ ਲਈ ਯਤਨ ਕੀਤੇ, ਵਿਚਾਰਾਂ ਦੀ ਆਜ਼ਾਦੀ ਉੱਤੇ ਵੱਡੀ ਸੱਟ ਮਾਰੀ, ਆਪਣੇ ਵਿਰੋਧੀਆਂ ਨੂੰ ਜੇਲਾਂ 'ਚ ਡਕਿਆ। ਤਾਂ ਫਿਰ ਮੋਦੀ ਜੀ ਦੀ ਕਾਰਗੁਜ਼ਾਰੀ ਉੱਤੇ ਸਵਾਲ ਤਾਂ ਉੱਠਣੇ ਹੀ ਸਨ, ਜੋ ਉੱਠ ਰਹੇ ਹਨ।




ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜਤਾ ਨਹੀਂ ਕਰਦਾ ਹੈ।
-ਸੰਪਾਦਕ

# ਟੈਡ ਵੈਦਰਿਲ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

**ਲਿਖਤੁਮ ਟੈਡ ਵੈਦਰਿਲ**

**ਜੇ ਐਫ ਡਬਲਿਊ ਵੈਦਰਿਲ ਦਾ ਜਨਮ 1930 ਵਿੱਚ ਹੋਇਆ ਸੀ। ਉਹਨਾਂ ਨੂੰ ਲੋਕ ਪਿਆਰ ਨਾਲ ਟੈੱਡ ਹੀ ਕਹਿੰਦੇ ਸਨ। ਉਹਨਾਂ ਨੇ ਸਾਲ 1958 ਵਿੱਚ ਯੁਨਿਵਰਸਿਟੀ ਔਫ਼ ਟੋਰੰਟੋ ਤੋਂ ਲੌਅ ਦੀ ਡਿਗਰੀ ਹਾਸਲ ਕੀਤੀ ਅਤੇ ਅਮੇਰਿਕਾ ਦੀ ਹਾਰਵਰਡ ਯੁਨਿਵਰਸਿਟੀ ਤੋਂ ਲੌਅ ਦੀ ਮਾਸਟਰ'ਜ਼ ਡਿਗਰੀ ਲਈ। ਉਹਨਾਂ ਨੇ ਥੋੜ੍ਹੀ ਦੇਰ ਲਈ ਬਤੌਰ ਲੌਅ ਪ੍ਰੋਫੈਸਰ ਵੀ ਕੰਮ ਕੀਤਾ। ਉਹ ਲੇਬਰ ਆਰਬਿਟਰੇਟਰ ਬਣੇ ਤੇ ਕੈਨੇਡਾ ਦੇ ਲੇਬਰ ਰਿਲੇਸ਼ਨਜ਼ ਬੋਰਡ ਦੇ ਮੁਖੀ ਵੀ ਰਹੇ। ਆਪਣੇ 60 ਸਾਲਾ ਕਰੀਅਰ ਦੌਰਾਨ ਲੇਬਰ ਰਿਲੇਸ਼ਨਜ਼ ਵਿੱਚ ਉਹਨਾਂ ਨੇ 5000 ਤੋਂ ਵੱਧ ਫੈਸਲੇ ਕਰਵਾਏ। ਆਪਣੇ ਪੂਰੇ ਕਰੀਅਰ ਦੌਰਾਨ ਉਹ ਅੰਨ੍ਹੇਵਾਹ ਖ਼ਰਚ ਕਰਨ ਵਾਸਤੇ ਬਦਨਾਮ ਹੋ ਗਏ ਸਨ। ਅੱਠਾਂ ਸਾਲਾਂ ਵਿੱਚ ਉਹਨਾਂ ਨੇ ਆਪਣੇ ਭੋਜਨ ਉੱਪਰ ਹੀ ਡੇਢ ਲੱਖ ਡਾਲਰ ਦੀ ਰਕਮ ਖ਼ਰਚ ਦਿੱਤੀ। ਇਹ ਖਰਚ ਉਹਨਾਂ ਟੈਕਸ-ਪੇਅਰਜ਼ ਰਕਮ ਵਿਚੋਂ ਵਸੂਲ ਕੀਤਾ ਸੀ। ਸਾਲ 1999 ਵਿੱਚ ਇਕ ਵਾਰ ਤਾਂ ਉਹਨਾਂ ਨੇ ਸਰਕਾਰੀ ਟੂਰ ਦੌਰਾਨ ਫ ?ਰਾਂਸ ਜਾ ਕੇ 2 ਵਿਅਕਤੀਆਂ ਵਾਸਤੇ ਖਾਧੇ ਭੋਜਨ ਵਾਸਤੇ 700 ਡਾਲਰ ਦੀ ਰਕਮ ਵਸੂਲ ਕੀਤੀ ਸੀ। ਸਾਲ 2020 ਵਿੱਚ ਉਹਨਾਂ ਨੂੰ ਸਰਕਾਰ ਨੇ ਫਾਇਰ ਕਰ ਦਿੱਤਾ ਸੀ। 13 ਅਪਰੈਲ, 2020 ਨੂੰ ਉਹਨਾਂ ਦਾ ਦੇਹਾਂਤ ਹੋ ਗਿਆ। ਹੁਣ ਉਹਨਾਂ ਦੀ ਚਿੱਠੀ ਆਈ ਹੈ।**

**ਪਿਆਰੇ ਬੇਟੇ ਰਿਸ਼ੀ,**

ਮੈਂ ਇਥੇ ਬਿਲਕੁਲ ਵੀ ਰਾਜ਼ੀ ਖ਼ੁਸ਼ੀ ਨਹੀਂ ਹਾਂ ਤੇ ਨਾ ਹੀ ਮੈਂ ਚਾਹੁੰਦਾ ਹਾਂ ਕਿ ਤੁਸੀਂ ਵੀ ਰਾਜ਼ੀ ਖ਼ੁਸ਼ੀ ਰਹੋ। ਰੱਬ ਕਰੇ ਕਿ ਤੁਸੀਂ ਛਿੱਤਰੀਂ ਦਾਲ ਵੰਡੋ, ਤੁਹਾਨੂੰ ਦਿਨੇ ਚੈਨ ਨਾ ਆਵੇ ਤੇ ਰਾਤੀਂ ਨੀਂਦ ਨਾ ਅੱਖੀਂ ਪਵੇ ਤੁਹਾਡੀ। ਬੇਟੇ, ਤੂੰ ਸੋਚ ਰਿਹਾ ਹੋਣੈ ਕਿ ਕਿੰਨੀਆਂ ਬਦ-ਦੁਆਵਾਂ ਦੇ ਰਿਹੈਂ ਮੈਂ। ਸੋਚੀ ਜਾ ਤੂੰ ਇਹ ਤੇ ਮੈਂ ਕਿਉਂ ਬਦ ਦੁਆਵਾਂ ਨਾ ਦੇਵਾਂ ਭਲਾ?

ਬੇਟੇ, ਓ-ਬੇਟੇ, ਇਕ ਵਾਰੀ ਮੈਂ ਤੇ ਮੇਰੇ ਸਾਥੀ ਨੇ ਫ ?ਰਾਂਸ ਵਿੱਚ ਜਾ ਕੇ 700 ਡਾਲਰ ਵਿੱਚ ਰੋਟੀ ਖਾ ਲਈ ਸੀ ਤੇ ਤੁਹਾਡੀ ਉਸ ਵੇਲੇ ਦੀ ਸਰਕਾਰ ਨੇ ਫਾਰਿਗ ਕਰ ਦਿੱਤਾ ਸੀ ਬਲਕਿ ਨੌਕਰੀ ਤੋਂ ਫਾਇਰ ਕਰ ਦਿੱਤਾ ਸੀ ਮੈਨੂੰ ਤੇ ਹੁਣ ਤੁਹਾਡੀ ਫੈਡਰਲ ਸਰਕਾਰ ਆਪ ਜਿਹੜੀ ਕੜ੍ਹੀ ਘੋਲਣ ਲੱਗੀ ਐ, ਉਸ ਵਾਸਤੇ ਕਿਸ ਨੂੰ ਫਇਰ ਜਾਂ ਫਾਰਗ ਕਰੋਗੇ, ਬੇਟੇ? ਤੁਹਾਡਾ ਸਾਬਕਾ ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਕਹਿੰਦਾ ਹੁੰਦਾ ਸੀ ਕਿ ਬਜਟ ਆਪਣੇ ਆਪ ਬੈਲੈਂਸ ਹੋ ਜਾਂਦਾ ਹੁੰਦਾ ਤੇ ਉਸ ਦੇ ਇਹੀ ਕਹਿਣ 'ਤੇ ਤੁਸੀਂ ਉਹਨੂੰ ਇਕ ਜਾਂ ਦੋ ਵਾਰ ਨਹੀਂ, ਬਲਕਿ ਤਿੰਨ ਵਾਰ ਵਜ਼ੀਰੇ ਆਜ਼ਮ ਬਣਾਇਆ। ਪਰ ਮੈਨੂੰ ਅੱਜ ਤੱਕ ਪਤਾ ਨਹੀਂ ਲੱਗਿਆ ਕਿ ਬਜਟ ਆਪਣੇ ਆਪ ਬੈਲੈਂਸ ਕਿਵੇਂ ਹੋ ਜਾਂਦੈ? ਕਦੀ ਸੋਚਿਐ ਤੁਸੀਂ? ਤੇ ਇਹ ਜੇ ਆਪਣੇ ਆਪ ਬੈਲੈਂਸ ਹੋ ਜਾਂਦੈ ਤਾਂ ਹੋਇਆ ਕਿਉਂ ਨਹੀਂ ਹੁਣ ਤੱਕ? ਜਿਹਨੂੰ ਤੁਸੀਂ ਸਮਝਦੇ ਸੀ ਕਿ ਬਹੁਤ ਵੱਡਾ ਬੈਂਕਰ ਐ, ਇਕੌਨੋਮਿਸਟ ਐ, ਫਾਇਨੈਂਸ਼ੀਅਲ ਐਕਸਪਰਟ ਐ, ਉਹ ਕਹਿੰਦਾ ਬਜਟ ਦੀ ਲੋੜ ਹੀ ਕੀ ਐ? ਇਸ ਸਾਲ ਬਜਟ ਬਣਾਉਣਾ ਹੀ ਨਹੀਂ...ਕਿਆ ਕਮਾਲ ਕਰਤੀ ਨਵੀਂ ਬਣੀ ਸਰਕਾਰ ਨੇ! ਆਹ ਤਾਂ ਜਦੋਂ ਲਾਹ ਪਾਹ ਹੋਈ ਵਾਹਵਾ ਤਾਂ ਕਹਿਣਾ ਲੱਗਿਐ ਕਿ ਸਿਆਲਾਂ ਵਿੱਚ ਦੇ ਦਿਆਂਗੇ ਬਜਟ; ਐਡੀ ਕਿਹੜੀ ਗੱਲ ਐ! ਬਜਟ ਨਾ ਹੋਇਆ, ਦੋ ਜਣਿਆਂ ਦੇ ਫੁਲਕੇ ਹੋਏ, ਜਦੋਂ ਮਰਜ਼ੀ ਲਾਹ ਲਉ; ਗੰਢਾ ਰੱਖੋ ਤੇ ਖਾ ਜਾਉ! ਮੇਰੇ ਦੋ ਜਣਿਆਂ ਦੇ ਖਾਧੇ 700 ਡਾਲਰ ਦੇ ਭੋਜਨ ਦੀ ਤੁਹਾਨੂੰ ਬਹੁਤ ਢਿੱਡ ਪੀੜ ਹੋਈ ਸੀ...ਆਹ ਸਾਰੀ ਸਰਕਾਰ ਤੁਹਾਡੇ ਮੁਲਕ ਦਾ ਪੂਰਾ ਬਜਟ ਖਾ ਚੱਲੀ ਸੀ, ਇਹ ਤੁਹਾਨੂੰ ਨਹੀਂ ਦਿਖਾਈ ਦਿੱਤਾ ਹੁਣ! ਕੁੱਕਰੇ ਪੈ ਗਏ ਐ ਤੁਹਾਡੀਆਂ ਅੱਖਾਂ ਵਿੱਚ ਭਲਾ? ਓ ਬੇਟੇ, ਮੇਰੇ ਲਾਹਨਤੀ ਬੇਟੇ! ਤੂੰ ਬੋਲਿਆ ਕਿਉਂ ਨਹੀਂ ਉਇ, ਬਜਟ ਆ ਹੀ ਨਹੀਂ ਰਿਹਾ ਸੀ ਤੁਹਾਡਾ ਇਸ ਸਾਲ! ਤੁਹਾਡੇ ਮੂੰਹਾਂ ਵਿੱਚ ਦਹੀਂ ਜੰਮ ਗਿਆ ਸੀ, ਮੇਰੇ ਲਾਹਨਤੀ ਬੇਟੇ!

ਕੈਨੇਡਾ ਵਿੱਚ ਰਹਿਣ ਵਾਲਿਓ ਬਹੁਤ ਸਿਆਣਿਉ ਲੋਕੋ! ਤੁਸੀਂ ਵੋਟਾਂ ਪਾ ਕੇ ਇਸ ਸਰਕਾਰ ਨੂੰ ਕਿਉਂ ਜਿਤਾਇਆ ਭਲਾ? ਜਸਟਿਨ ਟਰੂਡੋ ਦਾ ਡੈਡੀ ਸੀਨੀਅਰ ਟਰੂਡੋ ਮੈਨੂੰ ਕਹਿੰਦਾ ਕਿ ਮਾਰਕ ਕਾਰਨੀ ਹੀ ਇਕ ਬੰਦਾ ਸੀ ਜਿਹੜਾ ਡੌਨੈਲਡ ਟਰੰਪ ਦੇ ਟੈਰਿਫਾਂ ਦਾ ਮੁਕਾਬਲਾ ਕਰ ਸਕਦਾ ਸੀ। ਉਹ ਇਕੌਨੋਮਿਸਟ ਜੁ ਹੋਇਆ! ਮੈਂ ਫੇ ਵੱਡੇ ਟਰੂਡੋ ਦੀ ਦੱਬ ਕੇ ਖੁੰਬ ਠੱਪੀ! ਮੈਂ ਕਿਹਾ, ਓ ਭਲਿਆ ਲੋਕਾ! ਸਾਡੇ ਦੋ ਜਣਿਆਂ ਦੀ ਖਾਧੀ ਰੋਟੀ ਦਾ 700 ਡਾਲਰ ਦਾ ਹਿਸਾਬ ਤਾਂ ਬੜਾ ਮੰਗਿਆ ਸੀ, ਆਪਣੇ ਮਾਰਕ ਕਾਰਨੀ ਤੋਂ ਤੁਹਾਡੇ ਕੋਲੋਂ ਹਿਸਾਬ ਪੁੱਛ ਨਾ ਹੋਇਆ ਕਿ ਕਿਥੇ ਰੱਖੇ ਆ ਉਹਨੇ ਆਪਣੇ ਬਿਲੀਅਨਜ਼ ਡਾਲਰ ਤੇ ਕਿਥੇ ਇਨਵੈਸਟ ਕੀਤੇ ਹੋਏ ਐ ਉਹਨੇ? ਦਿੱਤਾ ਕੋਈ ਹਿਸਾਬ ਉਹਨੇ ਅੱਜ ਤੱਕ, ਪ੍ਰਾਇਮ ਮਨਿਸਟਰ ਵੀ ਬਣ ਗਿਆ ਪਰ ਕੌਨਫ਼ਲਿਕਟ ਔਫ਼ ਇਨਟਰੈਸਟ ਦੀ ਗੱਲ ਹੀ ਭੁੱਲ ਭੁਲਾ ਹੀ ਗਏ ਓ ਲੱਗਦਾ ਤੁਸੀਂ। ਉਏ, ਅਜੇ ਤਾਂ ਇਲੈਕਸ਼ਨ ਹੋਈ ਨੂੰ ਮਹੀਨਾ ਵੀ ਨਹੀਂ ਹੋਇਆ ਤੇ ਤੁਹਾਨੂੰ ਇਹ ਸਭ ਭੁੱਲ ਵੀ ਗਿਐ ਕਨੇਡੀਅਨੋ? ਹਾਏ! ਮੈਨੂੰ ਤਾਂ 700 ਡਾਲਰ ਦੀ ਰੋਟੀ ਖਾ ਕੇ ਉਸ ਨੂੰ ਹਜ਼ਮ ਕਰਨ ਦਾ ਵੀ ਮੌਕਾ ਨਹੀਂ ਮਿਲਿਆ ਸੀ ਤੇ ਮੈਨੂੰ ਕੱਢ ਫਾਰਗ ਕਰ ਦਿੱਤਾ ਗਿਆ ਸੀ ਤੇ ਤੁਹਾਡੀਆਂ ਅੱਖਾਂ ਵਿੱਚ ਗੁਆਂਢਣੀਆਂ ਨਿਕਲ ਆਈਆਂ ਨੇ ਤੇ ਇਸ ਕਰਕੇ ਕੁਝ ਦਿਖਾਈ ਨਹੀਂ ਦੇ ਰਿਹਾ?

ਰਿਸ਼ੀ ਬੇਟੇ!, ਓ ਬੇਟੇ, ਬੇਟੇ! ਇਹ ਕੀ ਕਰਨ ਲੱਗ ਪਏ ਓ ਤੁਸੀਂ! ਤੁਹਾਡੀ ਫੈਡਰਲ ਸਰਕਾਰ ਤਾਂ ਦਾਅਵਾ ਕਰਦੀ ਸੀ ਕਿ ਟਰੰਪ ਸਰਕਾਰ ਵੱਲੋਂ ਕੈਨੇਡਾ ਉੱਪਰ ਲਗਾਏ ਗਏ ਟੈਰਿਫਾਂ ਦਾ ਮੂੰਹ ਤੋੜ ਜਵਾਬ ਦੇਊ ਤੇ ਬਰਾਬਰੀ ਦੇ ਟੈਰਿਫ਼ ਲਗਾਊ। ਕਰਦੀ ਸੀ ਕਿ ਨਾ ਕਰਦੀ ਇਹੀ ਦਾਅਵਾ? ਤੇ ਉਹਨਾਂ ਨੇ ਮੀਡੀਆ ਦੇ ਸਾਹਮਣੇ ਬੋਦੇ ਵਾਹ ਵਾਹ ਕੇ, ਮੁਸਕਾਹਟਾਂ ਬਿਖੇਰਦਿਆਂ ਹੋਇਆਂ ਦਾਅਵੇ ਕੀਤੇ ਸਨ ਕਿ ਜਿੰਨੇ ਪਰ ਸੈਂਟ ਅਮਰੀਕਾ ਟੈਰਿਫ਼ ਲਗਾਊ, ਉਨੇ ਪਰ ਸੈਂਟ ਅਸੀਂ ਵੀ ਲਗਾਵਾਂਗੇ! ਪਤਾ ਜੇ ਹੋਇਆ ਕੀ ਏ ਹੁਣ? ਆਹੋ ਤੈਨੂੰ ਕਾਹਨੂੰ ਪਤਾ ਹੋਣੈ ਕਿਸੇ ਗੱਲ ਦਾ...ਤੁਹਾਨੂੰ ਪਤਾ ਤਾਂ ਇਸ ਗੱਲ ਦਾ ਸੀ ਕਿ ਮੈਂ ਆਪਣੇ ਸਾਥੀ ਨਾਲ ਫ ?ਰਾਂਸ ਵਿੱਚ ਜਾ ਕੇ ਸੱਤ ਸੌ ਡਾਲਰ ਦੀ ਰੋਟੀ ਖਾ ਲਈ ਸੀ ਤੇ ਮੈਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ ਸੀ। ਹੁਣ ਤੁਹਾਡੇ ਕੰਨਾਂ ਵਿੱਚ ਮੈਲ ਜੰਮੀ ਹੋਈ ਹੋਣੀ ਐ ਤੇ ਤੁਸੀਂ ਬੋਲੇ ਹੋ ਗਏ ਓ! ਤੁਹਾਨੂੰ ਕੁਝ ਸੁਣਾਈ ਨਹੀਂ ਦੇ ਰਿਹਾ ਕਿ ਇੰਗਲੈਂਡ ਦੀ ਔਕਸਫੋਰਡ ਇਕਨੌਮਿਕਸ ਨਾਮ ਦੀ ਐਡਵਾਇਜ਼ਰੀ ਫ਼ਰਮ ਦੀ ਰਿਪੋਰਟ ਕੀ ਕਹਿ ਰਹੀ ਐ? ਰਿਸ਼ੀ ਬੇਟੇ, ਇਹ ਐਡਵਾਇਜ਼ਰੀ ਰਿਪੋਰਟ ਕਹਿੰਦੀ ਐ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਸਾਹਬ ਜਿਸ ਦਿਨ ਅਮਰੀਕਾ ਗਏ ਸਨ ਡੌਨੈਲਡ ਟਰੰਪ ਨੂੰ ਮਿਲਣ, ਉਥੋਂ ਵਾਪਸ ਆ ਕੇ ਉਹਨਾਂ ਨੇ ਚੁੱਪ ਚੁਪੀਤੇ, ਬਿਨਾਂ ਕੋਈ ਰੌਲਾ ਪਾਇਆਂ, ਬਿਨਾ ਕਿਸੇ ਨੂੰ ਦੱਸਿਆਂ...ਬਹੁਤੀਆਂ ਚੀਜ਼ਾਂ ਤੋਂ ਟੈਰਿਫ਼ ਹਟਾ ਦਿੱਤੇ ਨੇ...ਕਈ ਮਾਮਲਿਆਂ ਵਿੱਚ ਇਹ ਜ਼ੀਰੋ ਕਰ ਦਿੱਤੇ ਨੇ ਕਈ ਵਿੱਚ ਬਹੁਤ ਈ ਘਟਾ ਦਿੱਤੇ ਨੇ! ਓ ਬੇਟੇ! ਇਸ ਐਡਵਾਇਜ਼ਰੀ ਦੇ ਮੁਖੀ ਟੋਨੀ ਸਟਿਲੋ ਨੇ ਬਲੂਮਬਰਗ ਨੂੰ ਦਿੱਤੀ ਇਕ ਇੰਟਰਵਿਊ ਵਿੱਚ ਕਿਹੈ ਕਿ ਕਾਰਨੀ ਦੀ ਇਕਨੌਮਿਕਸ ਇਹੋ ਕਹਿੰਦੀ ਐ ਕਿ ਬਰਾਬਰੀ ਦੇ ਟੈਰਿਫ਼ ਨਹੀਂ ਲਗਾਉਣੇ ਚਾਹੀਦੇ। ਲਉ ਦੱਸੋ ਖਾਂ, ਹੁਣ ਕੋਈ ਤੁਹਾਡੀ ਸਰਕਾਰ ਵਿਚੋਂ ਬੋਲਿਐ ਕਿ ਟੈਰਿਫਾਂ ਦਾ ਕੀ ਕਰ ਰਹੇ ਨੇ ਉਹ! ਕਿਉਂ ਬੋਲਣਗੇ ਉਹ...ਤੁਹਾਨੂੰ ਤਾਂ ਸ਼ਰਮ ਭੋਰਾ ਹੈ ਨਹੀਂ ਤੇ ਮੇਰੀ ਖਾਧੀ, 700 ਡਾਲਰ ਦੀ ਰੋਟੀ ਤੁਹਾਨੂੰ ਹਜ਼ਮ ਨਹੀਂ ਹੋਈ, ਤੇ ਸਰਕਾਰ ਸਾਰੇ ਟੈਰਿਫ਼ ਹਟਾ ਗਈ ਐ ਚੁੱਪ ਚੁਪੀਤੇ...ਜਿੱਦਾਂ ਬਿੱਲੀ ਦੁੱਧ ਪੀ ਜਾਂਦੀ ਹੁੰਦੀ ਸੀ - ਇੰਡੀਆ ਪਾਕਿਸਤਾਨ ਵਿੱਚ - ਤੇ ਸਵੇਰੇ ਉਠ ਕੇ ਪਤਾ ਲੱਗਦਾ ਹੁੰਦਾ ਸੀ ਜਦੋਂ ਬੇਬੇ ਚਾਹ ਬਣਾਉਂਦੀ ਹੁੰਦੀ ਸੀ ਕਿ ਦੁੱਧ ਤਾਂ ਹੈ ਈ ਨਹੀਂ! ਬਰਖ਼ੁਰਦਾਰ, ਰਿਸ਼ੀ ਬੇਟੇ, ਜ਼ਰਾ ਪਤਾ ਕਰੋ ਖਾਂ ਕਿ ਕਿਹੜੀ ਕਿਹੜੀ ਆਇਟਮ ਤੋਂ ਟੈਰਿਫ਼ ਖ਼ਤਮ ਕਰਤਾ ਜੇ ਨਵੇਂ ਪ੍ਰਧਾਨ ਮੰਤਰੀ ਨੇ?

ਬੇਟੇ ਕਾਕਾ ਜੀ! ਆਪਣਾ ਕੰਨ ਜ਼ਰਾ ਉਰੇ ਕਰੋ, ਮੈਂ ਦੱਸਦਾਂ, ਕਿਸੇ ਨੂੰ ਪਤਾ ਨਾ ਲੱਗੇ...ਗੱਲ ਆਪਣੇ ਦੋਵਾਂ ਵਿੱਚ ਹੀ ਰਹਿਣੀ ਚਾਹੀਦੀ ਐ... ਬੇਟੇ, ਅਕਤੂਬਰ ਤੱਕ ਤੁਹਾਡੀ ਸਰਕਾਰ ਨੇ ਟੈਰਿਫ਼ ਲਾਗੂ ਕਰਨ ਤੋਂ ਨਾਂਹ ਕਰਤੀ ਐ! ਜਦੋਂ ਰੌਲਾ ਪੈ ਗਿਐ ਤਾਂ ਤੁਹਾਡਾ ਹੁਣ ਦਾ ਫਾਇਨੈਂਸ ਮਨਿਸਟਰ ਕਹਿ ਰਿਹੈ ਕਿ ਸਾਰਿਆਂ ਤੋਂ ਥੋੜ੍ਹਾ ਹਟਾਇਆ, ਸਿਰਫ਼ 30% ਤੋਂ ਹਟਾਇਐ! ਤੇ ਇਹਨੂੰ ਮਾਮ ਜੀ ਨੂੰ ਕੋਈ ਪੁੱਛੇ ਕਿ 30% ਤੋਂ ਹਟਾਉਣ ਦਾ ਐਲਾਨ ਕਦੋਂ ਕੀਤਾ ਸੀ? 700 ਡਾਲਰ ਦੀ ਮੇਰੀ ਰੋਟੀ ਖਾਧੀ ਦਾ ਬੜਾ ਹੁੱਬ ਕੇ ਐਲਾਨ ਕਰਤਾ ਸੀ!

ਬੇਟੇ! ਮੇਰਾ ਨਾਮ ਨਾ ਲਈਂ ਕਿਸੇ ਕੋਲ ਤੇ ਨਾ ਕਿਸੇ ਨਾਲ ਸਾਂਝੀ ਕਰੀਂ ਇਹ ਗੱਲ! ਇਹ ਹੁੰਦੀ ਐ ਟਫ਼ ਟੌਕ! ਮਾਰਕ ਕਾਰਨੀ ਦੀ ਟਫ਼ ਟੌਕ ਦਾ ਦੂਜਾ ਨਮੂਨਾ ਦੇਖ ਲਿਆ ਤੁਸੀਂ! ਪਹਿਲਾਂ ਨਮੂਨਾ ਐ ਬਜਟ ਗਾਇਬ ਕਰ ਜਾਣ ਦਾ ਪਰ ਹੁਣ ਜਦੋਂ ਲੋਕ ਗਲ ਪੈ ਗਏ ਉਹਦੇ ਤਾਂ ਕਹਿੰਦਾ ਕੋਈ ਨਾ ਘਬਰਾਉ ਨਾ, ਸਿਆਲਾਂ 'ਚ ਦੇ ਦੇਵਾਂਗੇ ਬਜਟ ਦਾ ਲੇਖਾ ਜੋਖਾ! ਜੇ ਇਹ ਟੈਰਿਫਾਂ ਦੀ ਗੱਲ ਮੰਨੀ ਨਾ ਹੁੰਦੀ ਕਾਰਨੀ ਨੇ ਤਾਂ ਉਹਦਾ ਹਾਲ ਵੀ ਟਰੰਪ ਨੇ ਯੂਕ੍ਰੇਨ ਵਾਲੇ ਜ਼ੇਲੈਂਸਕੀ ਵਾਲਾ ਕਰਨਾ ਸੀ। ਚੁੱਪੋ ਪੌਣੇ ਤੁਸੀਂ ਹੁਣ! 700 ਡਾਲਰ ਦੀ ਖਾਧੀ ਮੇਰੀ ਰੋਟੀ ਬੜੀ ਦੁਖੀ ਸੀ ਤੁਹਾਨੂੰ ਤੇ ਮੈਨੂੰ ਬੇਚਾਰੇ ਨੂੰ ਨੌਕਰੀਓਂ ਹਟਾ ਕੇ ਸਾਹ ਲਿਆ ਸੀ ਤੁਸੀਂ! ਕਮੀਨੇ ਬੇਟੇ! ਚੇਤੇ ਰੱਖੀਂ ਮੇਰੀ ਗੱਲ! ਤੇਰੇ ਸਕੂਲੇ ਤੈਨੂੰ ਹਿੰਦੀ ਪੜ੍ਹਾਉਂਦੀ ਰਹੀ ਤੇਰੀ ਸੱਤਿਆ ਭੈਣ ਜੀ ਮਿਲੀ ਸੀ ਮੈਨੂੰ। ਉਹਨੇ ਮੈਨੂੰ ਤੇਰੀ ਇਕ ਗੱਲ ਸੁਣਾਈ। ਬੜਾ ਈ ਹਾਸਾ ਆਇਆ ਮੈਨੂੰ। ਮੈਂ ਉਹਨੂੰ ਦੱਸਿਆ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਕਿਹੜੇ ਚੰਦ ਚਾਹੜੇ ਨੇ ਵਜ਼ੀਰੇ ਆਜ਼ਮ ਬਣਦਿਆਂ ਸਾਰ ਤੇ ਤੁਹਾਡੇ ਲੋਕਾਂ ਨਾਲ ਸੁਥਰੀ ਕੀਤੀ ਉ ਉਸ! ਮੈਨੂੰ ਬੜੀ ਖ਼ੁਸ਼ੀ ਹੋਈ! ਤੁਹਾਡੇ ਨਾਲ ਤਾਂ ਉਹੀ ਹੋਈ ਜਿਹੜੀ ਇਕ ਵਾਰੀ ਤੇਰੇ ਬਾਬਾ ਜੀ ਨਾਲ ਹੋਈ ਸੀ। ਸੱਤਿਆ ਭੈਣ ਜੀ ਨੇ ਦੱਸਿਆ ਕਿ ਤੇਰੇ ਬਾਬਾ ਜੀ ਇਕ ਵਾਰ ਕਿਸੇ ਵਿਆਹ 'ਤੇ ਗਏ ਸੀ। ਉੱਥੇ ਕੁਝ ਨੱਚਣ ਵਾਲੀਆਂ ਬੀਬੀਆਂ ਆ ਗਈਆਂ। ਉਹਨਾਂ ਦਿਨਾਂ ਵਿੱਚ ਰਿਵਾਜ਼ ਹੁੰਦਾ ਸੀ ਕਿ ਲੋਕ ਆਪਣੇ ਦੰਦਾਂ ਵਿੱਚ ਨੋਟ ਦੱਬ ਕੇ ਖੜ੍ਹ ਜਾਂਦੇ ਹੁੰਦੇ ਸੀ ਤੇ ਨੱਚਣ ਵਾਲੀਆਂ ਬੀਬੀਆਂ ਦੰਦਾਂ ਵਿੱਚੋਂ ਨੋਟ ਖਿੱਚ ?ਹ ਕੇ ਲੈ ਜਾਂਦੀਆਂ ਹੁੰਦੀਆਂ ਸਨ। ਤੇਰੇ ਬਾਬਾ ਜੀ ਨੇ ਨੋਟ ਜ਼ਰਾ ਦੱਬ ਕੇ ਫੜਿਆ ਹੋਇਆ ਸੀ ਕਿ ਕਿਤੇ ਨਾਲ ਖੜ੍ਹਾ ਬੰਦਾ ਈ ਨਾ ਨੋਟ ਖਿੱਚ ?ਹ ਲਵੇ ਤੇ ਏਨੇ ਨੂੰ ਨੱਚਣ ਵਾਲੀ ਬੀਬੀ ਆਈ ਤੇ ਨੋਟ ਧੂਹ ਖਿੱਚ ?ਹ ਕੇ ਲੈ ਗਈ। ਥੋੜ੍ਹੀ ਦੇਰ ਬਾਦ ਜਦੋਂ ਰੋਟੀ ਲੱਗੀ ਤਾਂ ਸਾਰੇ ਜਣੇ ਲੱਗੇ ਰੋਟੀ ਖਾਣ ਤੇ ਤੇਰੇ ਬਾਬਾ ਜੀ ਨੇ ਰੌਲਾ ਪਾ ਦਿੱਤਾ ਕਿ ਮੇਰੇ ਤਾਂ ਦੰਦ ਈ ਹੈ ਨੀ ਮੂੰਹ ਵਿੱਚ, ਰੋਟੀ ਕਿਵੇਂ ਖਾਵਾਂ। ਸੱਤਿਆ ਭੈਣ ਜੀ ਕਹਿੰਦੇ, ਤੇਰੇ ਬਾਬਾ ਜੀ ਨੇ ਨੋਟ ਦੱਬ ਕੇ ਫੜਿਆ ਹੋਇਆ ਸੀ ਤੇ ਜਦੋਂ ਨੱਚਣ ਵਾਲੀ ਬੀਬੀ ਨੇ ਨੋਟ ਖਿੱਚ ?ਹਿਆ ਤੇ ਦੰਦਾ ਵਾਲਾ ਸਾਰਾ ਪੀੜ੍ਹ ਉਹਦੇ ਨਾਲ ਈ ਬਾਹਰ ਜਾ ਡਿੱਗਿਆ ਤੇ ਬਾਬਾ ਜੀ ਨੂੰ ਪਤਾ ਈ ਕੋਈ ਨਾ ਲੱਗਿਆ। ਫੇਰ ਕੱਢੀਆਂ ਤੇਰੇ ਬਾਬਾ ਜੀ ਨੇ ਗਾਲ੍ਹਾਂ ਤੇ ਮੂੰਹ ਚ ਦੰਦ ਕੋਈ ਨਾ ਹੋਣ ਕਰਕੇ ਇਕ ਇਕ ਗਾਲ੍ਹ ਵੀ ਦੋ ਦੋ ਵਾਰੀ ਆਵੇ ਮੂੰਹੋਂ ਬਾਹਰ! ਗਾਲ੍ਹ ਦਾ ਵੀ ਪਤਾ ਨਾ ਲੱਗੇ ਕਿ ਕਿਹੜੀ ਕੱਢੀ ਜੇ ਉਹਨਾਂ ਨੇ! ਤੇ ਰਿਸ਼ੀ ਬੇਟੇ, ਤੁਹਾਨੂੰ ਕਿਹੜਾ ਪਤਾ ਲੱਗਿਐ, ਕਿ ਇਕ ਸਾਲ ਦਾ ਬਜਟ ਦੇਰੀ ਨਾਲ ਬਣਾਉਣ ਦਾ ਕੀ ਮਤਲਬ ਹੋਣੈ ਤੇ ਕਿਹੜੇ ਵੇਲੇ ਅਮਰੀਕਾ ਤੋਂ ਆਉਣ ਵਾਲੇ ਸਮਾਨ 'ਤੇ ਟੈਰਿਫ਼ ਖ਼ਤਮ ਕਰਤੇ ਤੇ ਤੁਹਾਨੂੰ ਇਉਂ ਈ ਪਤਾ ਨਹੀਂ ਲੱਗਿਆ ਜਿੱਦਾਂ ਤੇਰੇ ਬਾਬਾ ਜੀ ਨੂੰ ਪਤਾ ਨਹੀਂ ਲੱਗਿਆ ਸੀ। ਰਿਸ਼ੀ ਬੇਟੇ! ਕੀ ਹੋਈ ਜਾ ਰਿਹੈ! ਮੇਰੀ 700 ਡਾਲਰ ਦੀ ਖਾਧੀ ਰੋਟੀ ਦਾ ਤਾਂ ਸਾਰੇ ਮੁਲਕ ਨੂੰ ਪਤਾ ਲੱਗ ਗਿਆ ਸੀ, ਉਦੋਂ ਤਾਂ ਸੋਸ਼ਲ ਤਾਂ ਕੀ ਕੋਈ ਵੀ ਮੀਡੀਆ ਵੀ ਨਹੀਂ ਸੀ ਹੁੰਦਾ! ਹੁਣ ਸਾਰੇ ਮੀਡੀਆ ਦਾ ਘੜਮੱਸ ਮਚਿਆ ਹੋਇਆ ਤੇ ਤੁਹਾਨੂੰ ਕੱਖ ਪਤਾ ਨਹੀਂ ਕੀ-ਕੀ ਹੋਈ ਜਾ ਰਿਹਾ ਹੈ!

ਰਿਸ਼ੀ ਬੇਟੇ! ਹੁਣ ਤੁਹਾਡੇ ਸੂਬੇ ਐਲਬਰਟਾ ਦੀ ਪ੍ਰੀਮੀਅਰ ਡੈਨੀਐਲ ਸਮਿਥ ਨੇ ਮੰਤਰੀ ਮੰਡਲ ਵਿੱਚ ਫੇਰਬਦਲ ਕੀਤੈ। ਅੱਗੇ ਇਕ ਹੈਲਥ ਮੰਤਰੀ ਹੁੰਦਾ ਸੀ, ਹੁਣ 4 ਹੈਲਥ ਮੰਤਰੀ ਹੋਣਗੇ। ਫੜ ਲਿਉ ਪੁੱਛ ਜਿਸ ਦੀ ਫੜਣੀ ਹੋਈ। ਤੁਹਾਨੂੰ ਪਤਾ ਈ ਨਹੀਂ ਲੱਗਣਾ ਕਿ ਕਿਸ ਮੰਤਰੀ ਨਾਲ ਗੱਲ ਕਰੀਏ...ਇਕ ਕਹੂ ਦੂਜੇ ਨੂੰ ਪੁੱਛ ਲਉ, ਦੂਜਾ ਕਹੂ ਤੀਜੇ ਤੋਂ ਪੁੱਛੋ ਤੇ ਤੀਜਾ ਫੇ ਚੌਥੇ ਕੋਲ ਰੈਫ਼ਰ ਕਰ ਦਿਆ ਕਰੂ! ਅੱਗੇ ਜਿਹੜਾ ਕੰਮ ਇਕ ਮੰਤਰੀ ਇਕ ਤਨਖਾਹ ਵਿੱਚ ਕਰਦਾ ਸੀ, ਉਹੀ ਕੰਮ ਹੁਣ ਚਾਰ ਜਣੇ ਚਾਰ ਤਨਖਾਹਾਂ ਵਿੱਚ ਕਰਿਆ ਕਰਨਗੇ। ਪਤਾ ਜੇ ਇਕ ਮੰਤਰੀ ਦੀ ਤਨਖਾਹ ਕਿੰਨੀ ਜੇ? ਐਮਐਲਏ ਦੀ ਤਨਖਾਹ ਹੁੰਦੀ ਏ 1 ਲੱਖ 23 ਹਜ਼ਾਰ 838 ਡਾਲਰ ਸਾਲਾਨਾ। ਪ੍ਰੀਮੀਅਰ ਲੈਂਦੀ ਐ 66 ਹਜ਼ਾਰ 810 ਡਾਲਰ ਵਾਧੂ, ਸਪੀਕਰ ਨੂੰ ਮਿਲਦੇ 91 ਹਜ਼ਾਰ 919 ਡਾਲਰ ਵਾਧੂ, ਮੰਤਰੀ ਜੀ ਵੀ ਸਪੀਕਰ ਜਿੰਨੀ ਰਕਮ ਹੀ ਮਾਂਜਦੇ ਨੇ, ਮਤਲਬ 61 ਹਜ਼ਾਰ 919 ਡਾਲਰ। ਬੇਟੇ, ਓ ਬੇਟੇ, ਤੁਹਾਡੇ ਖਜ਼ਾਨੇ ਵਿੱਚੋਂ ਹੁਣ ਚਾਰ ਮੰਤਰੀਆਂ ਨੂੰ ਐਮਐਲਏ ਦੀ ਤਨਖਾਹ ਤੇ ਮੰਤਰੀ ਦੇ ਅਹੁਦੇ ਤਨਖਾਹ ਨਾਲ ਕੁੱਲ 7 ਲੱਖ 43 ਹਜ਼ਾਰ 28 ਡਾਲਰ ਦੇ ਕੇ ਉਹੀ ਕੰਮ ਕਰਵਾਇਆ ਜਾਊ ਜਿਹੜਾ ਪਹਿਲਾਂ ਕੁੱਲ ਮਿਲਾ ਕੇ 1 ਲੱਖ 85 ਹਜ਼ਾਰ 757 ਡਾਲਰ ਵਿੱਚ ਹੁੰਦਾ ਸੀ। ਬੇਟੇ, ਓ ਮੇਰੇ ਅੰਨ੍ਹੇ ਬੇਟੇ! ਮੇਰੇ 700 ਡਾਲਰ ਤੁਹਾਨੂੰ ਨਜ਼ਰ ਆ ਗਏ ਸੀ, ਇਹ ਸੱਤ ਲੱਖ ਡਾਲਰ ਨਹੀਂ ਨਜ਼ਰ ਆ ਰਹੇ? ਰਿਸ਼ੀ ਬੇਟੇ! ਇਕ ਹੋਰ ਮੰਤਰੀ ਨੂੰ ਕਾਲਜਾਂ ਯੁਨਿਵਰਸਿਟੀਆਂ ਤੋਂ ਕੱਢ ਕੇ ਰਿਜ਼ਰਵ ਇਲਾਕਿਆਂ ਵਿਚ ਜਾ ਗੱਡਿਐ...ਮੂਲ ਨਿਵਾਸੀਆਂ ਦੀ ਇਕ ਰਸਮ ਐ ਕਿ ਉਹ ਕੋਈ ਵੀ ਕੰਮ ਤੰਬਾਕੂ ਵਰਗੀ ਸੇਜ ਨਾਮ ਦੀ ਇਕ ਜੜ੍ਹੀ-ਬੂਟੀ ਨੂੰ ਅੱਗ ਲਾ ਕੇ ਉਸ ਦਾ ਧੂੰਆਂ ਸੁੰਘ ਕੇ ਕਰਦੇ ਐ। ਇਹ ਉਹਨੂੰ ਸਮਜਿੰਗ (♥$"47-9©7) ਕਹਿੰਦੇ ਐ। ਇਹ ਸੇਜ ਜੜ੍ਹੀ-ਬੂਟੀ ਉਹਨਾਂ ਲਈ ਪਵਿੱਤਰ ਵਸਤੂ ਐ ਤੇ ਸਾਡੇ ਅਰਗਿਆਂ ਦੀਆਂ ਨਾਸਾਂ ਵਿੱਚੋਂ ਕੱਢ ਦਿੰਦੀ ਐ ਧੂੰਆਂ! ਇਸ ਮੰਤਰੀ ਨੂੰ ਵੀ ਸਮਝ ਨਹੀਂ ਆ ਰਿਹਾ ਕਿ ਸਮਾਜ ਕਲਿਆਣ ਤੋਂ ਆਵਾਜਾਹੀ ਤੇ ਫਿਰ ਕਾਲਜਾਂ ਯੁਨਿਵਰਸਿਟੀਆਂ ਤੋਂ ਰਿਜ਼ਰਵ ਇਲਾਕਿਆਂ ਦੀ ਮਿੱਟੀ ਵਿੱਚ ਕਾਹਤੋਂ ਮਾਰਿਆ ਚੁੱਕ ਕੇ...ਇਹਨੂੰ ਚੰਗੀ ਕਾਰਗੁਜ਼ਾਰੀ ਕਹੀਏ ਕਿ ਮਾੜੀ ਵਿੱਚ ਗਿਣੀ ਜਾਊ ਇਹ! ਇਕ ਹੋਰ ਮੰਤਰੀ ਨੂੰ ਪਹਿਲੇ ਪ੍ਰੀਮੀਅਰ ਨੇ ਵੀ ਡਿਮੋਟ ਕਰਤਾ ਸੀ ਤੇ ਹੁਣ ਵਾਲੀ ਬੀਬੀ ਨੇ ਵੀ ਉਹਦੇ ਖੰਭ ਝਾੜਤੇ। ਇਹਦੀ ਕਾਰਗੁਜ਼ਾਰੀ ਦੀ ਵੀ ਸਮਝ ਨਹੀਂ ਆ ਰਹੀ! ਚਲੋਂ, ਭਾਈ ਵੱਡਿਆਂ ਲੋਕਾਂ ਦੀਆਂ ਵੱਡੀਆਂ ਗੱਲਾਂ - ਤੁਹਾਨੂੰ ਇਹ ਕਦੀ ਸਮਝ ਨਹੀਂ ਆਉਣੀਆਂ ਪਰ ਮੇਰੀ ਤੇ ਮੇਰੇ ਦੋਸਤ ਦੀ 700 ਡਾਲਰ ਦੀ ਖਾਧੀ ਰੋਟੀ ਦੀ ਤੁਹਾਨੂੰ ਤੇ ਤੁਹਾਡੇ ਵਰਗਿਆਂ ਨੂੰ ਬਹੁਤ ਸਮਝ ਆ ਗਈ ਸੀ। ਜੋ ਤੁਸੀਂ ਕੀਤਾ ਮੇਰੇ ਨਾਲ, ਉਸ ਦੀ ਸਜ਼ਾ ਤਾਂ ਹੁਣ ਭੁਗਤਨੀ ਹੀ ਪਊ! ਭੁਗਤੋ, ਬੇਟੇ ਭਗਤੋ!

ਮੇਰਾ ਹੁਣ ਰੋਟੀ ਖਾਣ ਦਾ ਵੇਲਾ ਹੋ ਗਿਐ, ਬੇਟੇ! ਪਰ ਮੈਂ ਦੱਸ ਦਿਆਂ, ਇਸ ਉਪਰ 700 ਡਾਲਰ ਦਾ ਖ਼ਰਚਾ ਨਹੀਂ ਆਉਣਾ!

ਫਿਰ ਸਹੀ!

ਤੇਰਾ ਚਾਚਾ
ਟੈਡ ਵੈਦਰਿਲ!

# ਸ੍ਰ. ਸੁਖਦੇਵ ਸਿੰਘ ਢੀਂਡਸਾ - ਦਰਵੇਸ਼ ਸਿਆਸਤ ਦੇ ਯੁੱਗ ਦਾ ਅੰਤ



ਡਾ ਹਰਕੇਸ਼ ਸਿੰਘ ਸਿੱਧੂ
ਸਾਬਕਾ ਡੀਸੀ ਸੰਗਰੂਰ



ਸ੍ਰ ਸੁਖਦੇਵ ਸਿੰਘ ਢੀਂਡਸਾ, ਸਾਬਕਾ ਕੇਂਦਰੀ ਮੰਤਰੀ ਭਾਰਤ ਸਰਕਾਰ ਥੋੜੇ ਚਿਰ ਤੋਂ ਚੱਲ ਰਹੀਂ ਫੇਫੜਿਆ ਦੀ ਇਨਫੈਕਸ਼ਨ ਕਾਰਨ ਫੋਰ੍ਟਸ ਹਸਪਤਾਲ ਮੁਹਾਲੀ ਵਿੱਚ 28 ਮਈ ਨੂੰ ਸ਼ਾਮੀ 5 ਵੱਜੇ ਫਾਨੀ ਸੰਸਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਮੇਰੀ ਮਾਸੀ ਪ੍ਰੀਤਮ ਕੌਰ ਉਹਨਾਂ ਦੇ ਵੱਡੇ ਸਾਲੇ ਮਰਹੂਮ ਸੁਖਦੇਵ ਸਿੰਘ ਚਾਹਲ ਨੂੰ ਸਾਲ 1970 ਵਿਚ ਮੰਗਵਾਲ ਪਿੰਡ ਚ ਵਿਆਹੀ ਸੀ,ਰਿਸ਼ਤਾ ਮੈਂ ਕਰਵਾਇਆ ਸੀ ਜਦੋਂ ਮੈਂ ਅਜੇ ਦਸਵੀਂ ਜਮਾਤ ਹੀ ਪਾਸ ਕੀਤੀ ਸੀ। ਇਸ ਰਿਸ਼ਤੇਦਾਰੀ ਸਦਕਾ ਢੀਂਡਸਾ ਸਾਹਿਬ ਦਾ ਨਾਲ ਮੇਰਾ ਸੰਪਰਕ ਹੋਇਆ।ਫੇਰ ਉੱਨ੍ਹਾਂ ਮੇਰਾ ਰੂਹ ਤੇ ਕਲਬੂਤ ਵਾਲਾ ਰਿਸ਼ਤਾ ਤਾ ਜਿੰਦਗੀ ਨਿਭਿਆ। ਮੈਂ ਉਹਨ੍ਹਾਂ ਦਾ ਚਹੇਤਾ ਸਰਪੰਚ ਰਿਹਾ। ਐਸ ਜੀ ਪੀ ਸੀ ਦੀ ਚੋਣ ਲੜੀ। ਸਰਕਾਰੀ ਨੌਕਰੀ ਦੇ ਬਾਵਜੂਦ ਉੱਨ੍ਹਾਂ ਦੀ ਹਰ ਚੋਣ ਵਿੱਚ ਤਨ ਦੇਹੀ ਨਾਲ ਮੱਦਦ ਕੀਤੀ। ਉਹ ਹਰ ਔਖੇ ਵੇਲੇ ਉਹ ਮੇਰੇ ਨਾਲ ਖੜੇ।

ਸ੍ਰ ਢੀਂਡਸਾ ਦਾ ਜਨਮ ਪਟਿਆਲਾ ਰਿਆਸਤ ਦੇ ਪਿੰਡ ਉਭਾਵਾਲ ਵਿੱਚ ਮਾਤਾ ਲਾਭ ਕੌਰ ਦੀ ਕੁੱਖੋਂ ਜਥੇਦਾਰ ਰਤਨ ਸਿੰਘ ਦੇ ਘਰ 9ਅਪ੍ਰੈਲ 1936 ਨੂੰ ਹੋਇਆ ਹੋਇਆ। ਉਹਨਾਂ ਦੀ ਮਾਤਾ ਜੀ, ਬਚਪਨ ਵਿੱਚ ਪਰਲੋਕ ਸਿਧਾਰ ਗਏ ਸਨ। ਉਹਨਾਂ ਨੂੰਬਚਪਨ ਵਿੱਚ ਮਾਂ ਅਤੇ ਮਾਸੀ ਦਾ ਪਿਆਰ ਮਾਸੀ ਵੱਲੋਂ ਮਿਲਿਆ ਜੋ ਪਿੰਡ ਭਿੰਡਰਾਂ ਵਿੱਚ ਸ਼ਾਦੀ ਸ਼ੁਦਾ ਸੀ। ਢੀਂਡਸਾ ਸਾਹਿਬ ਤਿੰਨ ਭਰਾਵਾਂ ਚੋਂ ਸਭ ਤੋਂ ਛੋਟੇ ਸਨ। ਭਰਾਵਾਂ ਨੇ ਆਪਣੇ ਛੋਟੇ ਵੀਰ ਨੂੰ ਅੰਬਰ ਦੇ ਤਾਰੇ ਵਾਂਗ ਰੱਖਿਆ।। ਕਿਸੇ ਖ਼ੇਤੀ ਜਾ ਹੋਰ ਘਰੇਲੂ ਕੰਮ ਚ ਨਹੀ ਲਾਇਆ।ਉਂਝ ਭਾਵੇ ਗਰਮੀਆਂ ਦੀਆਂ ਛੁੱਟੀਆਂ ਵੇਲੇ ਮੱਝਾਂ ਚਾਰਦੇ ਮੱਝ ਦੀ ਅਸਵਾਰੀ ਕਰਦੇ ਉੱਨ੍ਹਾਂ ਦੀ ਬਾਂਹ ਟੁੱਟ ਗਈ ਸੀ ਜੋ ਦੇਸੀ ਸਿਆਣੇ ਵੱਲੋਂ ਥੋੜ੍ਹੀ ਟੇਢੀ ਜੜੀ ਗਈ ਸੀ। ਉਹ ਪਹਿਲਾ ਬਡਰੁੱਖਾਂ ਫੇਰ ਗੁਰੂ ਨਾਨਕ ਹਾਈ ਸਕੂਲ ਸੰਗਰੂਰ ਵਿੱਚ ਪੜੇ। ਪਹਿਲੀ ਜਮਾਤ ਚ ਹੀ ਚਾਰ ਕਿਲੋਮੀਟਰ ਟਿੱਬਿਆਂ ਦੇ ਰਾਹ ਪੈਦਲ ਜਾਂਦੇ। ਸੰਗਰੂਰ ਸਕੂਲ ਤੇ ਕਾਲਜ ਵਿਚ ਉਹ ਹੋਸਟਲ ਚ ਰਹੇ ਤੇ ਹਾਕੀ ਦੇ ਸਿਰ ਕੱਢ ਖਿਡਾਰੀ ਰਹੇ। ਕਾਲਜ ਚ ਬੀ ਏ ਦੇ ਆਖਰੀ ਸਾਲ ਚ ਉਹ ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਰਹੇ ਉਹਨਾਂ ਦੇ ਨਾਲ ਸ੍ਰ ਕ੍ਰਿਸ਼ਨ ਦੇਵ ਸਿੰਘ ਭੁਟਾਲ ਪਹਿਲਾ ਪ੍ਰਧਾਨ, ਫੇਰ ਢੀਂਡਸਾ ਸਾਹਿਬ ਨਾਲ ਸਕੱਤਰ ਰਹੇ।। ਬੀ ਏ ਕਰਨ ਸਾਰ ਕਾਲਜ ਵਿਚ ਸਭ ਤੋਂ ਵੱਧ ਅਨੁਸਾਸਿਤ ਤੇ ਸਾਊ ਵਿਦਿਆਰਥੀ ਹੋਣ ਕਰਕੇ ਕਾਲਜ ਦੇ ਲਾਇਬਰੇਰੀਅਨ ਲਾ ਦਿੱਤੇ।।ਥੋੜ੍ਹੀ ਦੇਰ ਬਾਅਦ ਬਲਾਕ ਸਮੰਤੀ ਚ ਟੈਕਸ ਕੋਲੇਕਟਰ ਰਹੇ। ਪੰਚਾਇਤੀ ਚੋਣਾਂ ਚ 1962 ਪਿੰਡ ਉਭਾਵਾਲ ਦੇ ਸਰਬਸੰਮਤੀ ਨਾਲ ਸ੍ਰਪੰਚ ਬਣੇ। ਅਗਲੇ ਸਾਲ ਮਾਰਕਿਟ ਕਮੇਟੀ ਸੰਗਰੂਰ ਦੀ ਚੋਣ ਲੜ ਕੇ ਚੇਅਰਮੈਨ ਬਣੇ। ਸਾਲ 1962 ਵਿੱਚ ਹੀ ਉਹਨਾਂ ਦੀ ਸ਼ਾਦੀ ਪਿੰਡ ਮੰਗਵਾਲ ਵਿਖ਼ੇ ਜਥੇਦਾਰ ਚੰਨਣ ਸਿੰਘ ਅਜਾਦੀ ਘੁਲਾਟੀਏ ਦੀ ਵੱਡੀ ਬੇਟੀ,ਬੀਬੀ ਹਰਜੀਤ ਕੌਰ ਨਾਲ ਹੋਈ,ਜਿਨ੍ਹਾਂ ਦੀ ਕੁੱਖੋਂ ਦੋ ਬੇਟੀਆਂ ਮਨਦੀਪ ਕੌਰ ਅਤੇ ਰਮਨਦੀਪ ਕੌਰ ਅਤੇ ਸਪੁੱਤਰ ਸ੍ਰ ਪਰਮਿੰਦਰ ਸਿੰਘ ਢੀਂਡਸਾ ਨੇ ਜਨਮ ਲਿਆ ਜੋ ਦਸ ਸਾਲ ਕੈਬਨਿਟ ਮੰਤਰੀ ਅਤੇ ਪੰਜ ਵਾਰ ਵਿਧਾਇਕ ਰਹੇ।।ਹੁਣ ਸ਼੍ਰੋਮਣੀ ਅਕਾਲੀ ਦਲ ਦੀ ਸੁਧਾਰ ਲਹਿਰ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਹਨ।

ਸ੍ਰ ਢੀਂਡਸਾ 1970 ਵਿੱਚ ਸੈਂਟਰਲ ਕੋਪ੍ਰੇਟਿਵ ਬੈਂਕ ਸੰਗਰੂਰ ਦੇ ਮੈਨੇਜਿੰਗ ਡਾਇਰੈਕਟਰ ਰਹੇ ਬਣੇ,ਉਥੋਂ ਹੀ ਧਨੌਲਾ ਹਲਕਾ ਤੋ 1972 ਵਿੱਚ ਆਜਾਦ ਐਮ ਐਲ ਏ ਬਣੇ।ਉਸ ਵੇਲੇ ਗਿਆਨੀ ਜੈਲ ਸਿੰਘ ਮੁੱਖ ਮੰਤਰੀ ਨੇ ਸੁਨੇਹਾ ਭੇਜ ਕੇ ਮਾਰਕਫੈਡ ਦੀ ਚੇਅਰਮੈਨੀ ਅਤੇ ਦਸ ਲੱਖ ਦੀ ਪੇਸ਼ਕਸ਼ ਕੀਤੀ ਨਾਲ ਹੀ ਕਿਹਾ ਕਿ ਢੀਂਡਸਾ ਤੂੰ ਚੰਗਾ ਨੌਜਵਾਨ ਅੱਛੀ ਛੱਵੀ ਹੋਣ ਕਰਕੇ ਸਦਨ ਵਿੱਚ ਇੱਕੋ ਇੱਕ ਅਜਾਦ ਐਮ ਐਲ ਏ ਹੈਂ ਇਸ ਲਈ ਤੇਰਾ ਤੇਰਾ ਭਵਿੱਖ ਕਾਂਗਰਸ ਵਿੱਚ ਉਜਲਾ ਹੈ। ਉਹਨਾ ਨੇ ਹਲੀਮੀ ਨਾਲ ਪੇਸ਼ਕਸ਼ ਠੁਕਰਾਈ ਤੇ ਕਿਹਾ ਕਿ ਮੇਰੇ ਅੰਦਰ ਪਿਤਾ ਪੁਰਖੀ ਪੰਥਕ ਜਜਬਾ ਹੈ ਇਸ ਲਈ ਉਮਰ ਭਰ ਅਕਾਲੀ ਰਹਾਂਗਾ। ਅਕਾਲੀ ਪਾਰਟੀ ਵਿੱਚ ਸ਼ਾਮਲ ਹੋ ਕੇ ਵਿਰੋਧੀ ਧਿਰ ਦੇ ਉਪ ਲੀਡਰ ਰਹੇ। ਸਾਰੇ ਅਕਾਲੀ ਮੋਰਚਿਆ ਵਿੱਚ ਅਗਲੀ ਕਤਾਰ ਚ ਖਲੋ ਕੇ ਯੋਗਦਾਨ ਪਾਇਆ। 1977ਵਿੱਚ ਸੁਨਾਮ ਤੋ ਐਮ ਐਲ ਏ ਬਣਕੇ ਅਕਾਲੀ ਸਰਕਾਰ ਚ ਤਿੰਨ ਸਾਲ ਟਰਾਂਸਪੋਰਟ ਸਿੱਖਿਆ ਖੇਡਾਂ ਕਲਚਰਲ ਵਿਭਾਗਾਂ ਦੇ ਮੰਤਰੀ ਰਹੇ। 1980 ਵਿੱਚ ਸੰਗਰੂਰ 1985ਵਿੱਚ ਫੇਰ ਸੁਨਾਮ ਤੋ ਐਮ ਐਲ ਏ ਬਣੇ।

ਸ੍ਰ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਚ ਕੈਬਨਿਟ ਮੰਤਰੀ ਦੀ ਪੇਸ਼ਕਸ਼ ਠੁਕਰਾ ਕੇ ਸ੍ਰ ਪ੍ਰਕਾਸ਼ ਸਿੰਘ ਬਾਦਲ ਨਾਲ ਚਟਾਨ ਵਾਂਗ ਖੜੇ। ਸ਼੍ਰੋਮਣੀ ਅਕਾਲੀ ਵਿੱਚ ਲੰਮੇ ਸਮੇਂ ਤੱਕ ਦੋ ਨੰਬਰ ਪਜੀਸ਼ਨ ਤੇ ਸਕੱਤਰ ਜਨਰਲ ਰਹੇ। 1997 ਚ ਉਹ ਸੁਨਾਮ ਤੋ ਚੋਣ ਹਾਰ ਗਏ। ਉੱਨ੍ਹਾਂ ਨੂੰ ਕੈਬਿਨੇਟ ਰੈਂਕ ਚ ਪੰਜਾਬ ਯੋਜਨਾ ਬੋਰਡ ਦਾ ਉਪ ਚੇਅਰਮੈਨ ਲਾਇਆ ਗਿਆ ਕਿਉਕਿ ਚੇਅਰਮੈਨ ਮੁੱਖ ਮੰਤਰੀ ਹੁੰਦੈ। ਕੁੱਝ ਮਹੀਨਿਆਂ ਬਾਅਦ ਹੀ ਪੰਜਾਬ ਬਿਜਲੀ ਬੋਰਡ ਦਾ ਚੇਅਰਮੈਨ ਲਾ ਕੇ ਕੈਬਿਨੇਟ ਮੰਤਰੀ ਦਾ ਰੈਂਕ ਦਿੱਤਾ।। ਸਾਲ 2000 ਵਿੱਚ ਉਹ ਰਾਜ ਸਭਾ ਦੇ ਮੇਂਬਰ ਬਣਕੇ ਕੇਂਦਰੀ ਖਾਦ ਅਤੇ ਰਸਾਇਣ ਮੰਤਰੀ ਬਣੇ ਫੇਰ ਚਾਰ ਸਾਲ ਖੇਡ ਮੰਤਰੀ ਵੀ ਰਹੇ।

ਜਦੋਂ ਭਾਰਤੀ ਕ੍ਰਿਕਟ ਖੇਡ ਵਿੱਚ ਰਲ਼ ਕੇ ਖੇਡਣ ਅਤੇ ਦਾਅ ਦੇ ਖੇਡਣ ਦੀ ਪੋਲ ਖੁੱਲੀ ਇਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਖ਼ੁੱਦ ਸਿਫਾਰਸ ਕੀਤੀ ਕਿ ਸੀ ਬੀ ਆਈ ਦੀ ਪੜਤਾਲ ਕਰਵਾਈ ਜਾਵੇ ਤਾਂ ਪ੍ਰਧਾਨ ਮੰਤਰੀ ਸ੍ਰੀ ਅੱਟਲ ਬਿਹਾਰੀ ਵਾਜਪਾਈ ਨੇ ਕਿਹਾ ਕਿ ਉਹ ਪਹਿਲੇ ਮੰਤਰੀ ਨੇ ਜੇਹੜੇ ਆਪਣੇ ਮਹਿਕਮੇ ਚ ਖ਼ੁੱਦ ਸੀ ਬੀ ਆਈ ਦੀ ਜਾਂਚ ਮੰਗੇ ਰਹੇ ਸਨ।।ਢੀਂਡਸਾ ਸਾਹਿਬ ਦਾ ਜਵਾਵ ਸੀ ਕਿ ਉਸ ਦਾ ਦਾਮਨ ਸਾਫ ਹੈ। ਉਹ 2004 ਚ ਲੋਕ ਸਭਾ ਮੇਂਬਰ ਤੇ ਤਿੰਨ ਵਾਰੀ ਰਾਜ ਸਭਾ ਦੇ ਮੇਂਬਰ ਰਹੇ। ਕਿਸੇ ਅਹੁਦੇ ਤੇ ਪੰਥ ਅਤੇ ਸਰਕਾਰ ਨੂੰ ਕੋਈ ਖੁਨਾਮੀ ਨਹੀ ਲੱਗਣ ਦਿੱਤੀ। ਸ੍ਰ ਢੀਂਡਸਾ ਪੰਜਾਬ -ਲੰਪਿਕ ਐਸੋਸੀਏਸ਼ਨ ਦੇ 35 ਸਾਲ ਸਭ ਤੋ ਲੰਮਾ ਸਮਾਂ ਸਰਬਸੰਮਤੀ ਨਾਲ ਪ੍ਰਧਾਨ ਬਣਦੇ ਰਹੇ ਤੇ ਦਾਮਨ ਪਾਕ ਰਿਹਾ।। ਐਨੇ ਲੰਮੇ ਸਿਆਸੀ ਅਤੇ ਖੇਡ ਜਗਤ ਦੀ ਸੇਵਾ ਕਰਦੇ ਕਦੇ ਕਿਸੇ ਵਿਰੋਧੀ ਵੱਲੋਂ ਉਹਨਾਂ ਦੇ ਖਿਲਾਫ ਕੋਈ ਇਲਜਾਮ ਤੱਕ ਨਹੀ ਲੱਗਿਆ। ਸ੍ਰ ਬੇਅੰਤ ਸਿੰਘ ਦੀ ਸਰਕਾਰ ਚ ਕੁੱਝ ਨਿੱਜੀ ਹਿੱਤਾਂ ਦੀ ਪੂਰਤੀਵਾਲੇ ਲੋਕਾ ਨੇ ਉਨ੍ਹਾਂ ਦੇ ਜੁਆਈ ਕਰਨਲ ਰਮਿੰਦਰ ਸਿੰਘ ਨੂੰ ਪੀ - ਏ ਦਾ ਪ੍ਰਧਾਨ ਬਣਾਉਣ ਦੀ ਗੱਲ ਚਲਾਤੀ।। ਮੈਨੂੰ ਢੀਂਡਸਾ ਸਾਹਿਬ ਨੇ ਕਿਹਾ ਕਿ ਸ੍ਰ ਬੇਅੰਤ ਸਿੰਘ ਨੂੰ ਜਾ ਕੇ ਕਹਿ ਆ- ਕਿ ਉਹ ਪੀ ਓ ਏ ਦੇ ਖ਼ੁੱਦ ਪ੍ਰਧਾਨ ਬਣ ਜਾਣ ਮੈਂ ਅਸਤੀਫ਼ਾ ਦੇ ਦਿੰਦਾ ਹਾਂ। ਜਦੋਂ ਸ੍ਰ ਬੇਅੰਤ ਸਿੰਘ ਨੂੰ ਦੱਸਿਆ ਗਿਆ, ਉਹ ਕਹਿੰਦੇ ਢੀਂਡਸਾ ਸਾਹਿਬ ਵਧੀਆ ਨੇਕ ਸਾਊ ਇਮਾਨਦਾਰ ਤੇ ਨਿਰਪੱਖ ਇਨਸਾਨ ਹਨ, ਉਹਨਾਂ ਨੂੰ ਕਹਿ ਦਿ- ਕਿ ਉਹ ਹੀ ਪ੍ਰਧਾਨ ਰਹਿਣਗੇ।

ਉਹ ਸਾਰੀਆਂ ਪਾਰਟੀਆਂ,, ਜਥੇਬੰਦੀਆਂ ਤੇ ਸੰਸਥਾਵਾਂ ਵਿੱਚ ਸਤਿਕਾਰ ਯੋਗ ਰਹੇ। ਸਿਆਸਤ ਦੀ ਖੇਡ ਇਖਲਾਕੀ ਤੇ ਸਾਊਪੁੱਣੇ ਅਤੇ ਹਲੀਮੀ ਦੀ ਪਾਰੀ ਨਾਲ ਖੇਡੀ। ਕਦੇ ਕਿਸੇ ਵਿਰੋਧੀ ਧਿਰ ਦੇ ਉਮੀਦਵਾਰ ਜਾ ਨੇਤਾ ਦੀ ਸ਼ਾਨ ਜਾਂ ਨਿੱਜੀ ਕਿਰਦਾਰ ਵਾਰੇ ਕੋਈ ਅਪ ਸ਼ਬਦ ਨਹੀ ਬੋਲਿਆ। ਅੱਜ ਕੱਲ ਅਖਬਾਰਾਂ, ਸੋਸਲ ਮੀਡੀਆ ਵਿੱਚ ਤੇ ਚੁੰਜ ਚਰਚਾ ਚ ਹਰ ਪਾਸਿਓਂ ਸ੍ਰ ਢੀਂਡਸਾ ਦੀ ਸ਼ਰਾਫ਼ਤ ਅਤੇ ਹਲੀਮੀ ਦੇ ਚਰਚੇ ਹੁੰਦੇ ਰਹੇ। ਕਿੱਧਰੋਂ ਵੀ ਕੋਈ ਵਿਰੋਧੀ ਸੁਰ ਨਹੀ ਸੁਣੀ।

ਸ੍ਰ ਢੀਂਡਸਾ ਇੱਕ ਸਾਊ ਪੁੱਤ, ਚੰਗਾ ਭਰਾ ਅੱਛਾ ਪਤੀ, ਪਿਤਾ ਅਤੇ ਮਿੱਤਰ ਹੋਣ ਦੇ ਨਾਲ ਕਦਾਵਰ ਹਰਮਨ ਪਿਆਰਾ ਨੇਤਾ ਤੇ ਨਿਮਰ ਇਨਸਾਨ ਸੀ। ਉੱਨ੍ਹਾਂ ਦੇ ਸੁਭਾਅ ਅਤੇ ਕਿਰਦਾਰ ਦੀ ਛਾਪ ਉਹਨ੍ਹਾਂ ਦੇ ਸਪੁੱਤਰ ਸ੍ਰ ਪਰਮਿੰਦਰ ਸਿੰਘ ਢੀਂਡਸਾ ਦੇ ਕਿਰਦਾਰ ਵਿੱਚੋਂ ਵੇਖੀ ਜਾ ਸਕਦੀ ਐ। ਢੀਂਡਸਾ ਸਾਹਿਬ ਦੇ ਜਾਣ ਨਾਲ ਟਕਸਾਲੀ ਅਤੇ ਨੈਤਿਕਤਾ ਨਾਲ ਸਿਆਸੀ ਪੀੜ੍ਹੀ ਦਾ ਅੰਤ ਹੋ ਗਿਆ।

# ਸੁਖਬੀਰ ਸਿੰਹਾਂ ! ਚੱਲੇ ਹੋਏ ਕਾਰਤੂਸ ਵੀ ਅਕਾਲੀ ਦਲ ਦੀ ਬੇੜੀ ਪਾਰ ਨਹੀਂ ਲਾ ਸਕਣਗੇ

ਸ਼੍ਰੋਮਣੀ ਅਕਾਲੀ ਦਲ ਦੇ ਪਿਛੋਕੜ ਤੇ ਝਾਤ ਮਾਰੀਏ ਤਾਂ ਇਸ ਦਾ ਇਤਿਹਾਸ ਬੜਾ ਹੀ ਸ਼ਾਨਾਮੱਤਾ ਅਤੇ ਮਾਣਮੱਤਾ ਹੈ ਕਿਉਂਕਿ ਅਕਾਲੀ ਅਖਵਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ ਜਿਹੜਾ ਵੀ ਆਪਣੇ ਆਪ ਨੂੰ ਅਕਾਲੀ ਅਖਵਾਉਂਦਾ ਸੀ ਉਸ ਦਾ ਮਿਸ਼ਨ ਹੀ ਇਹ ਹੁੰਦਾ ਸੀ ਕਿ ਪੰਥ ਵਸੇ ਮੈਂ ਉਜੜਾਂ ਮਨ ਚਾਉ ਘਨੇਰਾ ਜਿਸ ਕਰਕੇ ਅਕਾਲੀ ਅਖਵਾਉਣ ਲਈ ਪੰਥਕ, ਤਿਆਗੀ ਅਤੇ ਕੁਰਬਾਨੀ ਦਾ ਜਜ਼ਬਾ ਹੋਣਾ ਅਤੀ ਜ਼ਰੂਰੀ ਸੀ ਇਸੇ ਕਰਕੇ ਜੇਕਰ ਗੁਰੂ ਘਰ ਦੀ ਪਵਿੱਤਰਤਾ ਲਈ ਕੁਰਬਾਨੀ ਦੀ ਲੋੜ ਪਈ ਤਾਂ ਅਕਾਲੀ ਭਾਈ ਲਛਮਣ ਸਿੰਘ ਧਾਰੋਵਾਲੀ ਨੇ ਆਪਣੇ ਸਰੀਰ ਦੀ ਬਲੀ ਦੇਣ ਤੋਂ ਵੀ ਸੰਕੋਚ ਨਹੀਂ ਕੀਤਾ ਜੇਕਰ ਜੈਤੋ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਨੂੰ ਖੰਡਿਤ ਕੀਤਾ ਗਿਆ ਤਾਂ ਅਕਾਲੀ ਵਰਕਰਾਂ ਨੇ ਲਗਾਤਾਰ ਜਥੇਦਾਰ ਜਗਤ ਸਿੰਘ ਤੁੜ ਅਤੇ ਜਥੇਦਾਰ ਛਾਂਗਾ ਸਿੰਘ ਤਲਵੰਡੀ ਜੀ ਵਰਗਿਆਂ ਦੀ ਅਗਵਾਈ ਹੇਠ ਅੰਗਰੇਜ਼ ਨੂੰ ਮੂੰਹ ਦੀ ਖਾਣ ਲਈ ਮਜ਼ਬੂਰ ਕੀਤਾ ਇਹ ਸਾਰਾ ਕੁਝ ਕਿਸ ਤਰ੍ਹਾਂ ਸਫ਼ਲ ਹੋਇਆ ਕਿਉਂਕਿ ਉਸ ਸਮੇਂ ਵਰਕਰ ਅਤੇ ਜਥੇਦਾਰ ਬੇਦਾਗ਼, ਤਿਆਗੀ ਅਤੇ ਕੁਰਬਾਨੀ ਨੂੰ ਪਹਿਲ ਦੇਣ ਵਾਲੇ ਸਨ ਅਜਿਹੇ ਅਕਾਲੀਆਂ ਅੱਗੇ ਅੱਜ ਵੀ ਕੌਮ ਦਾ ਸਿਰ ਸਤਿਕਾਰ ਨਾਲ ਝੁਕਦਾ ਹੈ

ਉਸ ਤੋਂ ਬਾਅਦ ਵਿੱਚ ਵੀ ਅਕਾਲੀ ਦਲ ਦੇ ਸੇਵਾਦਾਰ ਰਹੇ ਮਾਸਟਰ ਤਾਰਾ ਸਿੰਘ,ਸੰਤ ਫ਼ਤਹਿ ਸਿੰਘ, ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਜਾਂ ਉਨ੍ਹਾਂ ਨਾਲ ਅਕਾਲੀ ਦਲ ਅੰਦਰ ਕੰਮ ਕਰਦੇ ਰਹੇ ਗਿਆਨੀ ਕਰਤਾਰ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ,ਗੁਰਮੀਤ ਸਿੰਘ ਬਰਾੜ, ਜਸਵਿੰਦਰ ਸਿੰਘ ਬਰਾੜ , ਜਗਦੇਵ ਸਿੰਘ ਖੁੱਡੀਆਂ,ਪ੍ਰੇਮ ਸਿੰਘ ਲਾਲਪੁਰਾ,ਮੇਜਰ ਸਿੰਘ ਉਬੋਕੇ, ਸੁਰਜਨ ਸਿੰਘ ਠੇਕੇਦਾਰ ਆਦਿ ਕਿਸੇ ਨੇ ਵੀ ਅਕਾਲੀ ਦਲ ਨੂੰ ਪਿੱਠ ਨਹੀਂ ਸੀ ਵਿਖਾਈ ਭਾਵੇਂ ਉਨ੍ਹਾਂ ਨੂੰ ਮੌਕੇ ਦੀਆਂ ਸਰਕਾਰਾਂ ਦੀਆਂ ਵਧੀਕੀਆਂ ਦਾ ਸਾਹਮਣਾ ਵੀ ਕਰਨਾ ਪਿਆ ਜਿਵੇਂ ਕਿ ਬਾਦਲ ਪਰਿਵਾਰ ਦੇ




ਰਿਸ਼ਤੇਦਾਰ ਕੈਰੋਂ ਪਰਿਵਾਰ ਨੇ ਜਥੇਦਾਰ ਮੋਹਨ ਸਿੰਘ ਤੁੜ ਨੂੰ ਨੰਗਿਆਂ ਕਰਕੇ ਬਰਫ਼ ਤੇ ਵੀ ਲਿਟਾਇਆ ਅਤੇ ਇੱਥੋਂ ਤੱਕ ਕਿ ਉਨ੍ਹਾਂ ਦਾ ਘਰ ਘਾਟ ਵੀ ਕੁਰਕ ਕਰ ਦਿੱਤਾ ਗਿਆ ਸੀ ਪਰ ਇੰਨਾਂ ਪੰਥ ਪ੍ਰਸਤ ਪਰਿਵਾਰਾਂ ਨੇ ਕਦੇ ਵੀ ਪੰਥ ਨੂੰ ਧੋਖਾ ਦੇਣ ਦੀ ਜਾਂ ਕਿਸੇ ਲੁੱਟ ਖਸੁੱਟ ਵੱਲ ਝਾਕਣ ਦੀ ਕੋਸ਼ਿਸ਼ ਨਹੀਂ ਕੀਤੀ ਸੀ ਇਸੇ ਕਰਕੇ ਅਜਿਹੇ ਅਕਾਲੀਆਂ ਨੂੰ ਕੌਮ ਅੱਜ ਵੀ ਬੜੇ ਫ਼ਖਰ ਨਾਲ ਯਾਦ ਕਰਦੀ ਹੈ

ਪ੍ਰੰਤੂ ਅਫ਼ਸੋਸ ਜਦੋਂ ਪਿਛਲੇ 30-35 ਸਾਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਵਾਗਡੋਰ ਬਾਦਲ ਪਰਿਵਾਰ ਅਤੇ ਇਸ ਦੇ ਜੀ ਹਜ਼ੂਰੀਆਂ ਦੇ ਹੱਥ ਆਈ ਹੈ ਤਾਂ ਸਾਰਾ ਕੁਝ ਹੀ ਅਕਾਲੀ ਦਲ ਦੀਆਂ ਨੀਤੀਆਂ ਦੇ ਉਲਟ ਹੋ ਗਿਆ ਹੈ ਜਿਹੜਾ ਅਕਾਲੀ ਦਲ ਲੁੱਟ ਖਸੁੱਟ ਅਤੇ ਭਾਈ ਭਤੀਜਾਵਾਦ ਦੇ ਨੇੜ ਦੀ ਵੀ ਨਹੀਂ ਲੰਘਦਾ ਸੀ ਉਸ ਅਕਾਲੀ ਦਲ ਅੰਦਰ ਭਾਈ ਭਤੀਜਾਵਾਦ ਅਤੇ ਲੁੱਟ ਖਸੁੱਟ ਹੀ ਪ੍ਰਧਾਨ ਹੋ ਗਈ ਜਿਸ ਕਰਕੇ ਸਮਾਜ ਅੰਦਰ ਜਿਹੜੇ ਅਕਾਲੀ ਦਲ ਨੂੰ ਸੰਗਤਾਂ ਸਤਿਕਾਰ ਦੀ ਭਾਵਨਾ ਨਾਲ ਵੇਖਦੀਆਂ ਸਨ ਹੁਣ ਉਸ ਅਕਾਲੀ ਦਲ ਨੂੰ ਨਫ਼ਰਤ ਦੀ ਭਾਵਨਾ ਨਾਲ ਵੇਖਣ ਲੱਗ ਪਈਆਂ ਹਨ ਵੇਖਣ ਵੀ ਕਿਉਂ ਨਾ ? ਕਿਉਂ ਕਿ ਇੰਨਾਂ ਅੰਦਰ ਅਕਾਲੀਆਂ ਵਾਲਾ ਤਾਂ ਇੱਕ ਵੀ ਗੁਣ ਨਹੀਂ ਹੈ ਉਹ ਅਕਾਲੀ ਗੁਰੂ ਸਾਹਿਬ ਦੇ ਸਤਿਕਾਰ ਲਈ ਆਪਣਾ ਆਪ ਵਾਰਨ ਤੋਂ ਵੀ ਸੰਕੋਚ ਨਹੀਂ ਕਰਦੇ ਸਨ ਪ੍ਰੰਤੂ ਮੌਜੂਦਾ ਅਖੌਤੀ ਅਕਾਲੀਆਂ ਦੇ ਰਾਜ ਭਾਗ ਅੰਦਰ ਦਸਮੇਸ਼ ਪਿਤਾ ਜੀ ਦਾ ਸਵਾਂਗ ਰਚਾਉਣ ਵਾਲੇ ਦੇ ਕੇਸਾਂ ਨੂੰ ਚੰਦ ਵੋਟਾਂ ਲਈ ਵਾਪਸ ਲਿਆ ਜਾਂਦਾ ਹੈ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਨਾਮੇ ਦੇ ਬਾਵਜੂਦ ਝੂਠੇ ਸੌਦੇ ਵਾਲੇ ਸਾਧ ਨੂੰ ਬਿਨਾਂ ਅਕਾਲ ਤਖ਼ਤ ਸਾਹਿਬ ਤੇ ਤਲਬ ਕੀਤਿਆਂ ਬਿਨਾਂ ਮੁਆਫ਼ੀ ਮੰਗਿਆਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਘਰ ਬੁਲਾ ਕੇ ਝੂਠੇ ਸੌਦੇ ਵਾਲੇ ਨੂੰ ਮੁਆਫੀ ਦਿਵਾਈ ਜਾਂਦੀ ਹੈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੱਤਰਿਆਂ ਨੂੰ ਸ਼ਰੇਆਮ ਗਲੀਆਂ ਵਿੱਚ ਰੋਲਿਆ ਜਾਂਦਾ ਹੈ ਅਤੇ ਦੋਸ਼ੀਆਂ ਨੂੰ ਸਕਿਉਰਟੀ ਦਿਵਾ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਇਨਸਾਫ ਮੰਗ ਰਹੀਆਂ ਸੰਗਤਾਂ ਤੇ ਗੋਲੀਆਂ ਚਲਾਈਆਂ ਜਾਂਦੀਆਂ ਹਨ ਕੀ ਅਜਿਹੀਆਂ ਕਰਤੂਤਾਂ ਕਰਨ ਵਾਲਿਆਂ ਨੂੰ ਵੀ ਅਕਾਲੀ ਕਿਹਾ ਜਾਵੇਗਾ ਕਦਾਚਿੱਤ ਵੀ ਨਹੀਂ ਇਹ ਬਾਦਲ ਐਂਡ ਪ੍ਰਾਈਵੇਟ ਲਿਮਟਿਡ ਕੰਪਨੀ ਜਾਂ ਬਾਦਲ ਜੁੰਡਲੀ ਕਹਾਉਣ ਦੇ ਹੱਕਦਾਰ ਤਾਂ ਹੋ ਸਕਦੇ ਹਨ ਪਰ ਅਕਾਲੀ ਕਹਾਉਣ ਦੇ ਨਹੀਂ

ਜਿਵੇਂ ਕਿ ਆਪਾਂ ਉੱਪਰ ਜ਼ਿਕਰ ਕਰ ਚੁੱਕੇ ਹਾਂ ਕਿ ਅਕਾਲੀ ਕਹਾਉਣ ਲਈ ਤਿਆਗ ਦਾ ਹੋਣਾ ਅਤੀ ਜ਼ਰੂਰੀ ਹੈ ਪਰ ਕੀ ਆਪਣੇ ਆਪ ਨੂੰ ਅਕਾਲੀ ਦਲ ਦਾ ਪ੍ਰਧਾਨ ਕਹਾਉਣ ਵਾਲੇ ਸੁਖਬੀਰ ਬਾਦਲ ਦੇ ਨੇੜ ਤੇੜ ਦੀ ਵੀ ਤਿਆਗ ਕਦੇ ਲੰਘਿਆ ਹੈ ਸਭ ਨੂੰ ਪਤਾ ਹੈ ਕਿ ਇਸ ਅਖੌਤੀ ਪ੍ਰਧਾਨ ਦੀ ਅਗਵਾਈ ਅੰਦਰ ਪਾਰਟੀ ਨੂੰ 2017 ,2019 ,2022 ,2024 ਅਤੇ ਜ਼ਿਮਨੀ ਚੋਣਾਂ ਦੌਰਾਨ ਸ਼ਰਮਨਾਕ ਹਾਰਾਂ ਦਾ ਸਾਹਮਣਾ ਕਰਨਾ ਪਿਆ ਹੈ ਇੱਥੋਂ ਤੱਕ ਕਿ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਅਕਾਲੀ ਦਲ ਦੀ ਜ਼ਮਾਨਤ ਵੀ ਜਬਤ ਹੋ ਗਈ ਪਰ ਪ੍ਰਧਾਨ ਜੀ ਫੇਰ ਵੀ ਕੁਰਸੀ ਛੱਡਣ ਨੂੰ ਤਿਆਰ ਨਹੀਂ ਹਨ ਇੱਥੋਂ ਤੱਕ ਕਿ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਪੇਸ਼ ਹੋ ਕੇ ਸਾਰੀਆਂ ਗਲਤੀਆਂ ਮੰਨਣ ਤੋਂ ਬਾਅਦ ਫੇਰ ਮੁਨੱਕਰ ਹੋ ਜਾਣਾ ਅਕਾਲੀ ਦਲ ਦਾ ਮੁੱਖ ਵੋਟ ਬੈਂਕ ਪੰਥਕ ਸੋਚ ਨੂੰ ਮੰਨਣ ਵਾਲਿਆਂ ਦਾ ਸੀ ਪਰ ਜਦੋਂ ਅਕਾਲੀ ਦਲ ਤੇ ਕਬਜ਼ਾ ਕਰੀ ਬੈਠੀ ਜੁੰਡਲੀ ਦੇ ਪੰਥਕ ਸੋਚ ਨੇੜੇ ਤੇੜੇ ਵੀ ਨਹੀਂ ਹੈ ਤਾਂ ਪੰਥਕ ਸੋਚ ਵਾਲਾ ਵੋਟਰ ਕਦੇ ਵੀ ਇਸ ਜੁੰਡਲੀ ਦੇ ਚੁੰਗਲ ਵਿੱਚ ਨਹੀਂ ਆਵੇਗਾ

ਪਿਛਲੇ ਸਮੇਂ ਦੌਰਾਨ ਜਦੋਂ ਇਸ ਜੁੰਡਲੀ ਦੀ ਬੇੜੀ ਡੁੱਬਣ ਵੱਲ ਨੂੰ ਜਾ ਰਹੀ ਸੀ ਤਾਂ ਕੁਝ ਕੁ ਮੌਕਾਪ੍ਰਸਤਾਂ ਨੇ ਇਸ ਬੇੜੀ ਵਿੱਚੋਂ ਛਾਲਾਂ ਮਾਰਨੀਆਂ ਹੀ ਬਿਹਤਰ ਸਮਝੀਆਂ ਸਨ ਜਿਵੇਂ ਕਿ ਸਿਕੰਦਰ ਸਿੰਘ ਮਲੂਕਾ,ਐਨ ਕੇ ਸ਼ਰਮਾ,ਸੋਹਣ ਸਿੰਘ ਠੰਡਲ, ਅਨਿਲ ਜੋਸ਼ੀ , ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਬੀਬੀ ਜਗੀਰ ਕੌਰ ਆਦਿ ਪਰ ਹੁਣ ਭਾਵੇਂ ਸਿਕੰਦਰ ਸਿੰਘ ਮਲੂਕਾ, ਅਨਿਲ ਜੋਸ਼ੀ, ਐਨ ਕੇ ਸ਼ਰਮਾ ਅਤੇ ਸੋਹਣ ਸਿੰਘ ਠੰਡਲ ਨੇ ਡੁੱਬੀ ਹੋਈ ਬੇੜੀ ਅੰਦਰ ਦੁਬਾਰਾ ਸਫ਼ਰ ਕਰਨਾ ਸ਼ੁਰੂ ਕਰ ਦਿੱਤਾ ਹੈ ਪਰੰਤੂ ਸੁਖਬੀਰ ਸਿੰਹਾਂ ! ਇੰਨਾਂ ਚੱਲੇ ਹੋਏ ਕਾਰਤੂਸਾਂ ਦੇ ਸਹਾਰੇ ਵੀ ਅਕਾਲੀ ਦਲ ਦੀ ਬੇੜੀ ਪਾਰ ਨਹੀਂ ਹੋਵੇਗੀ ਅਕਾਲੀ ਕਹਾਉਣ ਲਈ ਤਾਂ ਅਕਾਲੀ ਹੀ ਬਣਨਾ ਪਵੇਗਾ ਜੋ ਕਿ ਸ਼ਾਇਦ ! ਆਪ ਦੇ ਵੱਸ ਦਾ ਰੋਗ ਨਹੀਂ ਹੈ।

ਹਰਮੀਤ ਸਿੰਘ ਮਹਿਰਾਜ
ਵਟਸਐਪ ਨੰ
98786-91567

## ਅਗਲੇ 10 ਸਾਲਾਂ ਵਿੱਚ ਨਿਊਜ਼ੀਲੈਂਡ ਦੀ ਜੇਲ੍ਹ ਆਬਾਦੀ ਵਿੱਚ 36 ਪ੍ਰਤੀਸ਼ਤ ਦੇ ਵਾਧੇ ਦਾ ਅਨੁਮਾਨ

# ਫਰਵਰੀ 2025 ਵਿੱਚ 10,488 ਕੈਦੀਆਂ ਦੇ ਮੁਕਾਬਲੇ, ਜੂਨ 2035 ਤੱਕ 14,230 ਕੈਦੀ ਜੇਲ੍ਹਾਂ ਵਿੱਚ ਭਰਤੀ ਹੋ ਜਾਣਗੇ

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)- ਨਿਊਜ਼ੀਲੈਂਡ ਜ਼ੇਲ੍ਹ ਵਿਭਾਗ ਭਾਵੇਂ ਜੇਲ੍ਹਾਂ ਨੂੰ ਸੁਧਾਰ ਘਰ ਬਨਾਉਣ ਦੇ ਮਨੋਰਥ ਨਾਲ ਕੈਦੀਆਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਦਿੰਦਾ ਹੈ, ਪਰ ਇੱਥੇ ਦੀ ਅਬਾਦੀ ਲਗਾਤਾਰ ਵਧਦੀ ਜਾ ਰਹੀ ਹੈ। ਇੱਥੇ ਪਹੁੰਚਣ ਤੱਕ ਵਿਗੜੇ ਵਿਅਕਤੀ ਦਾ ਅਪਰਾਧ ਸਿੱਧ ਹੋ ਚੁੱਕਾ ਹੁੰਦਾ ਹੈ ਅਤੇ ਲੰਬੇ ਸਮੇਂ ਦੇ ਲਈ ਉਹ ਅੰਦਰ ਹੋਇਆ ਹੁੰਦਾ ਹੈ। ਹੁਣ ਨਿਆਂ ਮੰਤਰਾਲੇ ਦਾ ਅਨੁਮਾਨ ਹੈ ਕਿ ਫਰਵਰੀ 2025 ਵਿੱਚ 10,488 ਕੈਦੀਆਂ ਦੇ ਮੁਕਾਬਲੇ 10 ਕੁ ਸਾਲ ਬਾਅਦ ਜੂਨ 2035 ਤੱਕ 14,230 ਕੈਦੀ ਜੇਲ੍ਹਾਂ ਵਿੱਚ ਜਾ ਸਕਦੇ ਹਨ। ਇਹ ਅਨੁਮਾਨ ਸਰਕਾਰੀ ਨੀਤੀਆਂ ਜਿਵੇਂ ਕਿ 'ਥ੍ਰੀ ਸਟਰਾਈਕਸ' (ਤਿੰਨ ਅਪਰਾਧ ਹੱਦ) ਨੂੰ ਮੁੜ ਲਾਗੂ ਕਰਨਾ, ਸਜ਼ਾ ਵਿੱਚ ਛੋਟ ਦੀ ਹੱਦਬੰਦੀ ਲਈ ਸੁਧਾਰ ਅਤੇ ਹੋਰ ਸਜ਼ਾ ਵਧਾਉਣ ਵਾਲੇ ਕਾਰਕਾਂ ਨੂੰ ਸ਼ਾਮਲ ਕਰਨਾ ਧਿਆਨ ਵਿੱਚ ਰੱਖਦੇ ਹਨ। ਪਿਛਲੇ ਸਾਲ ਦੀ ਰਿਪੋਰਟ, ਜਿਸ ਵਿੱਚ ਜੂਨ 2034 ਤੱਕ 11,317 ਦੀ ਜੇਲ੍ਹ ਆਬਾਦੀ ਦਾ ਅਨੁਮਾਨ ਲਗਾਇਆ ਗਿਆ ਸੀ, ਨੇ ਇਹਨਾਂ ਨੀਤੀਆਂ ਨੂੰ ਧਿਆਨ ਵਿੱਚ ਨਹੀਂ ਰੱਖਿਆ ਸੀ, ਕਿਉਂਕਿ ਉਹਨਾਂ ਨੂੰ ਅਜੇ ਕਾਨੂੰਨ ਵਿੱਚ ਪਾਸ ਨਹੀਂ ਕੀਤਾ ਗਿਆ ਸੀ।ਰਿਮਾਂਡ 'ਤੇ ਰਹਿਣ ਵਾਲਿਆਂ ਦੀ ਗਿਣਤੀ ਇਸ ਸਮੇਂ ਦੌਰਾਨ ਲਗਾਤਾਰ ਵਧਣ ਦਾ ਅਨੁਮਾਨ ਹੈ। ਸਜ਼ਾਯਾਫ਼ਤਾ ਆਬਾਦੀ ਦੇ ਜੂਨ 2028 ਤੱਕ ਤੇਜ਼ੀ ਨਾਲ ਵਧਣ ਅਤੇ ਫਿਰ ਜੂਨ 2035 ਤੱਕ ਹੌਲੀ-ਹੌਲੀ ਵਧਣ ਦੀ ਉਮੀਦ ਹੈ। ਰਿਮਾਂਡ 'ਤੇ ਰਹਿਣ ਵਾਲਿਆਂ ਨੇ ਰਿਮਾਂਡ 'ਤੇ ਲੰਬਾ ਸਮਾਂ ਬਿਤਾਇਆ ਹੈ, ਕਿਉਂਕਿ ਉਹਨਾਂ ਦੇ ਕੇਸਾਂ ਨੂੰ ਅਦਾਲਤਾਂ ਵਿੱਚੋਂ ਲੰਘਣ ਵਿੱਚ ਜ਼ਿਆਦਾ ਸਮਾਂ ਲੱਗਦਾ ਹੈ, ਪਰ ਅਧਿਕਾਰੀਆਂ ਨੇ ਕਿਹਾ ਕਿ ਕੇਸਾਂ ਨੂੰ ਸੁਲਝਾਉਣ ਅਤੇ ਹਿਰਾਸਤੀ ਰਿਮਾਂਡ ਵਿੱਚ ਬਿਤਾਏ ਸਮੇਂ ਨੂੰ ਘਟਾਉਣ ਲਈ ਪਹਿਲਕਦਮੀਆਂ ਜਾਰੀ ਹਨ।

**ਨਿਊਜ਼ੀਲੈਂਡ ਵਿੱਚ ਨਵੀਂ ਆਧੁਨਿਕ ਜੇਲ੍ਹ ਦਾ ਉਦਘਾਟਨ:**

ਨਿਊਜ਼ੀਲੈਂਡ ਦੇ ਜੇਲ੍ਹ ਢਾਂਚੇ ਵਿੱਚ ਇੱਕ ਮਹੱਤਵਪੂਰਨ ਵਾਧਾ ਕਰਦਿਆਂ, ਵਾਈਕੇਰੀਆ ਜੇਲ੍ਹ ਵਿਖੇ ਇੱਕ ਨਵੀਂ 'ਵਿਸ਼ਵ-ਪੱਧਰੀ' ਸੁਵਿਧਾ ਦਾ ਰਸਮੀ ਤੌਰ 'ਤੇ ਉਦਘਾਟਨ ਕਰ ਦਿੱਤਾ ਗਿਆ ਹੈ। ਇਹ 596 ਬਿਸਤਰਿਆਂ ਵਾਲੀ ਅਤਿ-ਆਧੁਨਿਕ ਸਹੂਲਤ, ਜਿਸ ਵਿੱਚ ਉੱਚ-ਸੁਰੱਖਿਆ ਵਾਲੇ ਹਿੱਸੇ ਅਤੇ ਮਾਨਸਿਕ ਸਿਹਤ ਤੇ ਨਸ਼ਾਖੋਰੀ ਦੇ ਇਲਾਜ ਲਈ ਵਿਸ਼ੇਸ਼ ਵਾਰਡ ਸ਼ਾਮਲ ਹਨ, ਨੂੰ ਜੂਨ 5, 2025 ਨੂੰ ਖੋਲ੍ਹਿਆ ਗਿਆ। ਨਿਊਜ਼ੀਲੈਂਡ ਦੇ ਸੁਧਾਰ ਮੰਤਰੀ, ਮਾਰਕ ਮਿਸ਼ੇਲ ਨੇ ਉਦਘਾਟਨੀ ਸਮਾਰੋਹ ਵਿੱਚ ਸ਼ਿਰਕਤ ਕੀਤੀ ਅਤੇ ਇਸ ਸਹੂਲਤ ਨੂੰ 'ਵਿਸ਼ਵ-ਪੱਧਰੀ' ਦੱਸਿਆ। ਉਨ੍ਹਾਂ ਕਿਹਾ ਕਿ ਇਹ ਨਵੀਂ ਜੇਲ੍ਹ ਵਧਦੀ ਜੇਲ੍ਹ ਆਬਾਦੀ ਨੂੰ ਸੁਰੱਖਿਅਤ ਢੰਗ ਨਾਲ ਪ੍ਰਬੰਧਿਤ ਕਰਨ ਅਤੇ ਕੈਦੀਆਂ ਦੇ ਪੁਨਰਵਾਸ ਵਿੱਚ ਸਹਾਇਤਾ ਕਰਨ ਲਈ ਜ਼ਰੂਰੀ ਸਮਰੱਥਾ ਪ੍ਰਦਾਨ ਕਰੇਗੀ।

**ਮੁੱਖ ਵਿਸ਼ੇਸ਼ਤਾਵਾਂ ਅਤੇ ਲਾਭ:**

ਵੱਧ ਸਮਰੱਥਾ: ਇਹ ਨਵੀਂ ਸਹੂਲਤ ਜੇਲ੍ਹ ਪ੍ਰਣਾਲੀ ਵਿੱਚ ਲਗਭਗ 596 ਵਾਧੂ ਬਿਸਤਰੇ ਜੋੜਦੀ ਹੈ, ਜਿਸ ਵਿੱਚ 500 ਉੱਚ-ਸੁਰੱਖਿਆ ਬਿਸਤਰੇ ਅਤੇ ਮਾਨਸਿਕ ਸਿਹਤ ਅਤੇ ਨਸ਼ਾਖੋਰੀ ਦੀਆਂ ਸੇਵਾਵਾਂ ਲਈ 96 ਬਿਸਤਰਿਆਂ ਵਾਲੀ ਇੱਕ ਸਮਰਪਿਤ ਇਕਾਈ ਸ਼ਾਮਲ ਹੈ। ਸਰਕਾਰ ਨੇ 1.9 ਬਿਲੀਅਨ ਡਾਲਰ ਦੇ ਕਰੀਬ ਇਥੇ ਖਰਚਾ ਕਰਨਾ ਹੈ। **ਆਧੁਨਿਕ ਤਕਨਾਲੋਜੀ:** ਇਸ ਵਿੱਚ ਅਤਿ-ਆਧੁਨਿਕ ਬਾਇ?ਮੈਟ੍ਰਿਕ ਸੁਰੱਖਿਆ ਪ੍ਰਣਾਲੀਆਂ, ਉੱਨਤ ਐਕਸ-ਰੇ ਮਸ਼ੀਨਾਂ, ਮੈਟਲ ਡਿਟੈਕਟਰ, ਅਤੇ ਇੱਕ ਆਧੁਨਿਕ ਮੈਡੀਕਲ ਸੈਂਟਰ ਵਰਗੀਆਂ ਵਿਸ਼ੇਸ਼ਤਾਵਾਂ ਸ਼ਾਮਲ ਹਨ।

**ਪੁਨਰਵਾਸ 'ਤੇ ਜ਼ੋਰ:** ਨਵੀਂ ਸਹੂਲਤ ਵਿੱਚ ਸਿੱਖਿਆ ਅਤੇ ਪੁਨਰਵਾਸ ਲਈ 10 ਕਲਾਸਰੂਮ, ਵਧੇਰੇ ਉਦਯੋਗਿਕ ਸਿਖਲਾਈ ਸਥਾਨ, ਅਤੇ ਪਰਿਵਾਰਕ ਸੰਪਰਕ ਲਈ ਬਿਹਤਰ ਖੇਤਰ ਸ਼ਾਮਲ ਹਨ, ਜਿਸਦਾ ਉਦੇਸ਼ ਕੈਦੀਆਂ ਦੇ ਸਮਾਜ ਵਿੱਚ ਮੁੜ ਸ਼ਾਮਲ ਹੋਣ ਵਿੱਚ ਸਹਾਇਤਾ ਕਰਨਾ ਹੈ।

**ਰੁਜ਼ਗਾਰ ਦੇ ਮੌਕੇ:** ਜੇਲ੍ਹ ਦੇ ਨਿਰਮਾਣ ਵਿੱਚ 87 ਕੈਦੀ ਸ਼ਾਮਲ ਸਨ, ਜਿਨ੍ਹਾਂ ਨੂੰ ਰਿਹਾਈ ਤੋਂ ਬਾਅਦ ਰੁਜ਼ਗਾਰ ਪ੍ਰਾਪਤ ਕਰਨ ਵਿੱਚ ਮਦਦ ਕੀਤੀ ਗਈ। ਨਵੀਂ ਸਹੂਲਤ ਦੇ ਸੰਚਾਲਨ ਨਾਲ ਵਾਈਕੇਰੀਆ ਖੇਤਰ ਵਿੱਚ ਲਗਭਗ 470 ਨਵੇਂ ਸਟਾਫ ਦੀ ਭਰਤੀ ਹੋਣ ਦੀ ਉਮੀਦ ਹੈ, ਜਿਸ ਨਾਲ ਇਹ ਖੇਤਰ ਦੇ ਸਭ ਤੋਂ ਵੱਡੇ ਰੁਜ਼ਗਾਰਦਾਤਾਵਾਂ ਵਿੱਚੋਂ ਇੱਕ ਬਣ ਜਾਵੇਗਾ।

**ਭਵਿੱਖ ਦੀਆਂ ਯੋਜਨਾਵਾਂ:** ਵਾਈਕੇਰੀਆ ਜੇਲ੍ਹ ਦੇ ਹੋਰ ਵਿਸਤਾਰ ਦੀਆਂ ਤਿਆਰੀਆਂ ਵੀ ਚੱਲ ਰਹੀਆਂ ਹਨ, ਜਿਸ ਵਿੱਚ 810 ਬਿਸਤਰਿਆਂ ਦੀ ਇੱਕ ਹੋਰ ਸਹੂਲਤ ਸ਼ਾਮਲ ਹੈ, ਜਿਸਦੇ 2029 ਤੱਕ ਪੂਰਾ ਹੋਣ ਦੀ ਉਮੀਦ ਹੈ। ਇਸ ਨਾਲ ਵਾਈਕੇਰੀਆ ਨਿਊਜ਼ੀਲੈਂਡ ਦੀ ਸਭ ਤੋਂ ਵੱਡੀ ਜੇਲ੍ਹ ਬਣ ਜਾਵੇਗੀ।

# ਕਮਾਲ ਦੇ ਲੋਕ: ਸ੍ਰੀ ਜੇਮਜ਼ ਹੈਰੀਸਨ ਨੇ 1,173 ਵਾਰ ਅਤੇ ਸ੍ਰੀਮਤੀ ਜੋਸਫੀਨ ਮਿਚਲੁਕ ਨੇ 209 ਵਾਰ ਖੂਨ ਦਾਨ ਕੀਤਾ

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-ਵਿਸ਼ਵ ਰਕਤ ਦਾਤਾ ਦਿਵਸ 14 ਜੂਨ ਨੂੰ ਵਿਸ਼ਵ ਭਰ ਵਿੱਚ ਮਨਾਇਆ ਗਿਆ । ਖੂਨਦਾਨ-ਜੀਵਨ ਦਾਨ ਦੀ ਪ੍ਰੰਪਰਾ ਨੂੰ ਜਾਰੀ ਰੱਖਣ ਵਾਲੇ ਸੱਚਮੁੱਚ ਕਮਾਲ ਦੇ ਲੋਕ ਹਨ। ਵਿਸ਼ਵ ਰਕਤ ਦਾਤਾ ਦਿਵਸ ਸਵੈ-ਇੱਛਾ ਨਾਲ ਰਕਤ ਦਾਨ ਕਰਨ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ ਅਤੇ ਉਹਨਾਂ ਲੋਕਾਂ ਦਾ ਸਤਿਕਾਰ ਕਰਦਾ ਹੈ ਜੋ ਮੁਫ਼ਤ ਰਕਤ ਦਾਨ ਕਰਕੇ ਜੀਵਨ ਬਚਾਉਂਦੇ ਹਨ। 2025 ਲਈ ਵਿਸ਼ਵ ਰਕਤ ਦਾਨ ਦਿਵਸ ਦਾ ਮਾਟੋ (ਉਦੇਸ਼) 'ਰਕਤ ਦਿਓ, ਆਸ ਦਿਓ ਕਿ ਮਿਲ ਕੇ ਜੀਵਨ ਬਚਾਈਏ' ਹੈ, ਜੋ ਸਮੂਹਿਕ ਯਤਨਾਂ ਅਤੇ ਰਕਤ ਦੀ ਉਪਲਬਧਤਾ ਨੂੰ ਪ੍ਰਮੋਟ ਕਰਦਾ ਹੈ। ਰਕਤ ਦਾਨ ਇੱਕ ਜੀਵਨ-ਬਚਾਉਣ ਵਾਲਾ ਕੰਮ ਹੈ, ਜੋ ਹਾਦਸਿਆਂ, ਲੂਕੋਮੀਆ, ਅਨੀਮੀਆ, ਅਤੇ ਭਾਰੀ ਰਕਤ ਵਹਿ ਜਾਣ ਵਾਲੇ ਰੋਗੀਆਂ ਦੀ ਮਦਦ ਕਰਦਾ ਹੈ। ਇੱਕ ਖੂਨ ਦਾਨ ਕਈ ਜੀਵਨ ਬਚਾ ਸਕਦਾ ਹੈ, ਜੋ ਇਸ ਪ੍ਰਕਿਰਿਆ ਨੂੰ ਅਤਿ ਮਹੱਤਵਪੂਰਨ ਬਣਾਉਂਦਾ ਹੈ।

**ਭਾਰਤ ਵਿੱਚ ਰਕਤ ਦਾਨ ਦਾ ਇਤਿਹਾਸ :**

ਭਾਰਤ ਵਿੱਚ 1942 ਤੋਂ ਰਕਤ ਦਾਨ ਦੀ ਪ੍ਰਥਾ ਹੈ, ਜਦੋਂ ਸੈਨਿਕਾਂ ਦੀ ਮਦਦ ਲਈ ਸਵੈ-ਇੱਛਾ ਰਕਤ ਦਾਨ ਸ਼ੁਰੂ ਹੋਇਆ। 1949 ਵਿੱਚ, ਭਾਰਤ ਦਾ ਪਹਿਲਾ ਬਲੱਡ ਬੈਂਕ ਕੋਲਕਾਤਾ ਵਿੱਚ ਸਥਾਪਿਤ ਹੋਇਆ। 1975 ਵਿੱਚ, ਭਾਰਤੀ ਰਕਤ ਪ੍ਰਸਰਣ ਅਤੇ ਰੋਗ-ਪਛਾਣ ਸੰਸਥਾ ਨੇ 1 ਅਕਤੂਬਰ ਨੂੰ ਭਾਰਤੀ ਰਕਤ ਦਾਨ ਦਿਵਸ ਦੇ ਤੌਰ 'ਤੇ ਮਨਾਉਣ ਦੀ ਸ਼ੁਰੂਆਤ ਕੀਤੀ। 1998 ਵਿੱਚ, ਭਾਰਤ ਨੇ ਵਿਕਰੀ ਰਕਤ ਪ੍ਰਥਾ ਨੂੰ ਖਤਮ ਕੀਤਾ। 2002 ਵਿੱਚ 'ਵਿਸ਼ਵ ਹੈਲਥ ਆਰਗੇਨਾਈਸ਼ੇਨ' ਦੇ ਨਿਯਮ ਲਾਗੂ ਕੀਤੇ ਗਏ। ਸੋ ਵਿਸ਼ਵ ਰਕਤ ਦਾਤਾ ਦਿਵਸ ਇੱਕ ਯਾਦ ਦਿਲਾਉਣ ਵਾਲਾ ਮੌਕਾ ਹੈ ਕਿ ਸਾਡਾ ਇੱਕ ਛੋਟਾ ਯਤਨ ਕਈ ਜ਼ਿੰਦਗੀ ਬਚਾ ਸਕਦਾ ਹੈ। ਇੱਕਠੇ ਮਿਲ ਕੇ, ਅਸੀਂ ਦੁਨੀਆ ਨੂੰ ਹੋਰ ਮਿਹਰਬਾਨ ਅਤੇ ਸੁਰੱਖਿਅਤ ਬਣਾ ਸਕਦੇ ਹਾਂ। ਇੱਕ ਭਾਰਤੀ ਦੁਆਰਾ ਦਾਨ ਕੀਤੇ ਗਏ ਸਭ ਤੋਂ ਵੱਧ ਪੂਰੇ ਖੂਨ ਦਾ ਰਿਕਾਰਡ ਪਰਿਤੋਸ਼ ਬਾਗਾਈ ਦੇ ਨਾਮ ਹੈ, ਜਿਸਨੇ 20 ਫਰਵਰੀ, 2024 ਤੱਕ ਨਵੀਂ ਦਿੱਲੀ, ਭਾਰਤ ਵਿੱਚ 241 ਯੂਨਿਟ ਪੂਰੇ ਖੂਨ ਦਾਨ ਕੀਤਾ ਹੈ। ਇੱਕ ਹੋਰ ਮਹੱਤਵਪੂਰਨ ਖੂਨ ਦਾਨੀ ਸ਼ਬੀਰ ਹੁਸੈਨ ਖਾਨ ਹੈ, ਜਿਸਨੂੰ 'ਕਸ਼ਮੀਰ ਦਾ ਬਲੱਡ ਮੈਨ' ਕਿਹਾ ਜਾਂਦਾ ਹੈ। ਉਸਨੇ 41 ਸਾਲਾਂ ਵਿੱਚ 174 ਯੂਨਿਟ ਖੂਨ ਦਾਨ ਕੀਤਾ ਹੈ, ਪੂਰੇ ਭਾਰਤ ਵਿੱਚ ਖੂਨਦਾਨ ਮੁਹਿੰਮਾਂ ਵਿੱਚ ਯੋਗਦਾਨ ਪਾਇਆ ਹੈ।ਕਮਾਲ ਦੇ ਲੋਕ ਜੋ ਖੂਨ ਦਾਨ ਕਰਦੇ ਹਨ: ਜੋਸੇਫਾਈਨ ਮਿਚਾਲੁਕ ਇੱਕ ਕੈਨੇਡੀਅਨ ਔਰਤ ਹੈ ਜਿਸਨੇ ਖੂਨਦਾਨ ਕਰਕੇ ਵਿਸ਼ਵ ਰਿਕਾਰਡ ਬਣਾਇਆ ਹੈ। ਉਹ 22 ਸਾਲ ਦੀ ਉਮਰ ਤੋਂ ਖੂਨਦਾਨ ਕਰ ਰਹੀ ਹੈ ਅਤੇ ਆਪਣੀ ਪੂਰੀ ਜ਼ਿੰਦਗੀ ਵਿੱਚ 209 ਯੂਨਿਟ ਖੂਨ ਦਾਨ ਕਰ ਚੁੱਕੀ ਹੈ। ਉਸਦਾ ਬਲੱਡ ਗਰੁੱਪ ?-ਪਾਜ਼ੇਟਿਵ ਹੈ। ਉਸਦੇ ਨਾਮ ਸਭ ਤੋਂ ਵੱਧ ਖੂਨਦਾਨ ਕਰਨ ਦਾ ਗਿਨੀਜ਼ ਵਰਲਡ ਰਿਕਾਰਡ ਦਰਜ ਹੈ। 80 ਸਾਲ ਦੀ ਉਮਰ ਵਿੱਚ ਵੀ, ਉਹ ਸਾਲ ਵਿੱਚ ਚਾਰ ਵਾਰ ਖੂਨਦਾਨ ਕਰਨਾ ਜਾਰੀ ਰੱਖਦੀ ਹੈ ਅਤੇ ਹੋਰਨਾਂ ਨੂੰ ਵੀ ਖੂਨਦਾਨ ਕਰਨ ਲਈ ਪ੍ਰੇਰਿਤ ਕਰਦੀ ਹੈ। ਉਸਦਾ ਕਹਿਣਾ ਹੈ ਕਿ ਖੂਨਦਾਨ ਕਰਨਾ ਦਰਦਨਾਕ ਨਹੀਂ ਹੈ ਅਤੇ ਉਹ ਹਰ ਵਾਰ ਇਸ ਤੋਂ ਬਾਅਦ ਵਧੇਰੇ ਊਰਜਾਵਾਨ ਮਹਿਸੂਸ ਕਰਦੀ ਹੈ। ਇਸਨੇ 1965 ਤੋਂ ਖੂਨ ਦਾਨ ਕਰਨਾ ਸ਼ੁਰੂ ਕੀਤਾ ਅਤੇ ਹੁਣ ਤੱਕ ਆਪਣੇ ਜੀਵਨ ਕਾਲ ਦੌਰਾਨ 209 ਯੂਨਿਟ ਤੋਂ ਵੱਧ ਖੂਨ ਦਾਨ ਕੀਤਾ ਹੈ।ਇੱਕ ਹੋਰ ਸ਼ਾਨਦਾਰ ਖੂਨ ਦਾਨੀ ਜੇਮਜ਼ ਹੈਰੀਸਨ ਸੀ, ਜਿਸਨੂੰ ਸੁਨਹਿਰੀ ਬਾਂਹ ਵਾਲਾ ਆਦਮੀ ਕਿਹਾ ਜਾਂਦਾ ਹੈ। ਉਸਨੇ 18 ਤੋਂ 81 ਸਾਲ ਦੀ ਉਮਰ ਦੇ ਵਿੱਚ ਕਾਰ 1,173 ਵਾਰ ਖੂਨ ਦਾਨ ਕੀਤਾ, ਮੁੱਖ ਤੌਰ 'ਤੇ ਦੁਰਲੱਭ ਐਂਟੀਬਾਡੀਜ਼ ਵਾਲਾ ਪਲਾਜ਼ਮਾ ਦਿੱਤਾ ਜੋ ਨਵਜੰਮੇ ਬੱਚਿਆਂ ਵਿੱਚ ਆਰਐਚ ਬਿਮਾਰੀ ਨੂੰ ਰੋਕਣ ਵਿੱਚ ਮੱਦਦ ਕਰਦਾ ਸੀ। ਇਹ ਬਿਮਾਰੀ ਇੱਕ ਅਜਿਹੀ ਸਥਿਤੀ ਹੈ ਜਿੱਥੇ ਇੱਕ ਗਰਭਵਤੀ ਔਰਤ ਦਾ ਖੂਨ ਅਸਲ ਵਿੱਚ ਉਸਦੇ ਅਣਜੰਮੇ ਬੱਚੇ ਦੇ ਖੂਨ ਦੇ ਸੈੱਲਾਂ 'ਤੇ ਹਮਲਾ ਕਰਨਾ ਸ਼ੁਰੂ ਕਰ ਦਿੰਦਾ ਹੈ। ਸਭ ਤੋਂ ਮਾੜੇ ਮਾਮਲਿਆਂ ਵਿੱਚ, ਇਸਦੇ ਨਤੀਜੇ ਵੱਜੋਂ ਬੱਚਿਆਂ ਲਈ ਦਿਮਾਗ ਨੂੰ ਨੁਕਸਾਨ, ਜਾਂ ਮੌਤ ਹੋ ਸਕਦੀ ਹੈ। ਇਹਨਾਂ ਵਿਅਕਤੀਆਂ ਨੇ ਖੂਨਦਾਨ ਦੁਆਰਾ ਜਾਨਾਂ ਬਚਾਉਣ ਵਿੱਚ ਅਸਾਧਾਰਨ ਯੋਗਦਾਨ ਪਾਇਆ ਹੈ। ਜਦੋਂ ਜੇਮਜ਼ ਹੈਰੀਸਨ ਸਿਰਫ਼ 14 ਸਾਲ ਦਾ ਸੀ, ਤਾਂ ਖੂਨਦਾਨ ਕਰਕੇ ਉਸਦੀ ਜਾਨ ਬਚ ਗਈ ਸੀ, ਇਸ ਲਈ ਉਸਨੇ ਖੁਦ ਦਾਨੀ ਬਣਨ ਦਾ ਪ੍ਰਣ ਲਿਆ। ਉਸਨੂੰ ਬਹੁਤ ਘੱਟ ਪਤਾ ਸੀ, ਉਸਦੇ ਬਹੁਤ ਹੀ ਦੁਰਲੱਭ ਖੂਨ ਪਲਾਜ਼ਮਾ ਵਿੱਚ ਇੱਕ ਵਿਲੱਖਣ ਅਤੇ ਦੁਰਲੱਭ ਬਿਮਾਰੀ ਨਾਲ ਲੜਨ ਵਾਲੇ ਐਂਟੀਬਾਡੀਜ਼ ਸਨ ਜੋ **2.4** ਮਿਲੀਅਨ ਬੱਚਿਆਂ ਦੀਆਂ ਜਾਨਾਂ ਬਚਾਉਣ ਲਈ ਅੱਗੇ ਕੰਮ ਆਏ। ਉਸਨੇ 60 ਸਾਲਾਂ ਤੱਕ ਲਗਭਗ ਹਰ ਹਫ਼ਤੇ ਦਾਨ ਕੀਤਾ ਜਦੋਂ ਤੱਕ ਉਸਨੂੰ ਹੁਣ ਦਾਨ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਹੈਰੀਸਨ ਦੇ ਖੂਨ ਵਿੱਚ ਐਂਟੀਬਾਡੀਜ਼ ਹਨ ਜਿਨ੍ਹਾਂ ਦੀ ਵਰਤੋਂ ਐਂਟੀ-ਡੀ ਨਾਮਕ ਟੀਕਾ ਵਿਕਸਤ ਕਰਨ ਲਈ ਕੀਤੀ ਗਈ ਹੈ, ਜੋ ਰੀਸਸ ਬਿਮਾਰੀ ਨਾਲ ਲੜਨ ਵਿੱਚ ਮਦਦ ਕਰਦਾ ਹੈ। ਆਸਟਰੇਲੀਆ ਦੇ ਖੂਨਦਾਨ ਨਿਯਮਾਂ ਦੇ ਕਾਰਨ ਉਸਨੂੰ 81 ਸਾਲ ਦੀ ਉਮਰ ਵਿੱਚ ਦਾਨ ਕਰਨਾ ਬੰਦ ਕਰਨਾ ਪਿਆ।

# ਕਾਗਜ਼ੀ ਵਿਚੋਲਪੁਣਾ

## ਕ੍ਰਿਸਚੀਅਨ ਲੜਕੇ ਦੇ ਰਿਸ਼ਤੇ ਦੀ ਲੋੜ

ਕਨੇਡੀਅਨ ਸਿਟੀਜਨ ,ਓਸਵਾਲ ਪਰਿਵਾਰ ਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ: ਅਲਟਰਾਸਾਊਂਡ ਟੈਕਨੀਸ਼ੀਅਨ,ਲਈ ਹਾਣ ਪ੍ਰਵਾਣ ਦੇ ਕ੍ਰਿਸੀਚੀਅਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ 1 306 736 4326 ,ਈ ਮੇਲ: ladharh88@gmail.com ***271***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਨਰੂਲਾ (ਮਹਾਜਨ) ਪਰਿਵਾਰ ਦੇ ਵੈਜੀਟੇਰੀਅਨ,ਨਾਨ ਡਰਿੰਕ,,ਲੜਕੇ ਜਨਮ 1988, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਟੈੱਕ ਇਨ ਕੰਪਿਊਟਰ ਸਾਇੰਸ(ਪੀ ਆਰ ਅਪਲਾਈਡ) ਚੰਗੀ ਕੰਪਨੀ ਵਿੱਚ ਮੈਨੇਜਰ ਦੇ ਤੌਰ ;ਤੇ ਕੰਮ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਾਕਟਰੀ ਦੇ ਖੇਤਰ ਵਿੱਚ ਲੜਕੇ ਦੇ ਪਿਤਾ ਦਾ ਆਪਣਾ ਕਲੀਨਕ ਹੈ। ਸੰਪਰਕ: 1 403 973 4039 ***275***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਨਸ਼ਾ ਰਹਿਤ,10 ਏਕੜ ਜ਼ਮੀਨ ਦੇ ਮਾਲਿਕ, ਇਕਲੌਤੇ ਲੜਕੇ ਉਮਰ 23 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਸੀ ਏ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257 ***274***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਹੇਰ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 26 ਸਾਲ,ਕੱਦ 5 ਫੁੱਟ 9 ਇੰਚ, ਘਰਾਂ ਦੇ ਕੰਮ ਸਾਈਡਿੰਗ,ਰੂਫਿੰਗ,ਗਟਰ ਆਦਿ ਦੇ ਕੰਮ ਵਿੱਚ ਮਾਹਿਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257 ***274***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਚਹਿਲ ਪਰਿਵਾਰ ਦੇ ਲੜਕੇ,ਜਨਮ 1995, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ: ਕੇਟਰਿੰਗ ਐਂਡ ਹੋਟਲ ਮੈਨੇਜਮੈਂਟ ਗਰੈਜੂਏਟ (ਕੋਲਕਾਤਾ) ਰਸੋਈ ਮੈਨੇਜਮੈਂਟ ਪੋਸਟ ਗਰੈਜੂਏਟ ਡਿਪਲੋਮਾ ਇਨ ਕੈਨੇਡਾ, ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:1 587 973 4590 ***274***

## ਲੜਕੀ ਦੀ ਲੋੜ

ਨਿਊਜੀਲੈਂਡ ਪੀ ਆਰ, ਜੱਟ ਸਿੱਖ ਵਿਰਕ ਪਰਿਵਾਰ ਦੇ ਨਿਊਜੀਲੈਂਡ ਸਰਕਾਰ ਵਿੱਚ ਕੋਰੈਕਸਨ ਅਫਸਰ ਦੀ ਜੌਬ ਕਰਦੇ ਸੋਹਣੇ ਸੁਨੱਖੇ ਲੜਕੇ,ਜਨਮ 1993, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਬੈਚੂਲਰ ਇਨ ਕਾਮਰਸ, ਨਿਊਜੀਲੈਂਡ ਤੋਂ ਗਰੈਜੂਏਟ ਡਿਪਲੋਮਾ ਇਨ ਅਕਾਊਟਿੰਗ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਛੋਟਾ ਭਰਾ ਕਨੇਡੀਅਨ ਪੀ ਆਰ ਹੈ। ਸੰਪਰਕ :91 99880 03784 ***274***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਜੱਟ ਸਿੱਖ ਸਮਰਾ ਪਰਿਵਾਰ ਦੇ ਨਸ਼ਾ ਰਹਿਤ ਲੜਕੇ, ਜਨਮ 1993 ਕੱਦ 6 ਫੁੱਟ 3 ਇੰਚ, ਵਿਦਿਅਕ ਯੋਗਤਾ ਇਲੈਕਟ੍ਰੀਕਲ ਜਰਨੀਮੈਨ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ :1 780 271 2253 ***274***

## ਲੜਕੇ ਦੀ ਲੋੜ

Sikh Jatt family seeking a suitable match for their beautiful family-oriented daughter, 29 years old, height 5'-4" raised in Calgary. Canadian Citizen with a degree from a Canadian University, now working in a reputable company. Looking for a professional and Canadian educated Jatt Sikh boy raised in Canada. Serious inquiries only 587-703-0343 ***273 ***

## ਲੜਕੇ ਦੀ ਲੋੜ

Jatt Sikh Gill - Canadian Citizen, 29-year-old girl, 5 ft tall, holding a Bachelor of Accounting degree. Currently employed in a government position. She belongs to a well-educated and respected family. Seeking a well-educated, professionally employed match based in Edmonton. Contact: +91- 98761-56620? (WhatsApp only) or 780-203-8689. **273 **

### ਲੜਕੇ ਦੀ ਲੋੜ

Jatt Sikh's parents seeking a suitable match for their Indian born daughter, Canadian citizen, born Dec 1986, 5 1.5" feet, B. Tech & MBA, working in a leading company in a management role. A boy should be well educated in good moral values, either doing a decent job or business. Cell no./WhatsApp +1 587-703-3978 **273F Rana **

## ਲੜਕੇ ਦੀ ਲੋੜ

ਪ੍ਰਜਾਪਤ ਪਰਿਵਾਰ ਦੀ ਕਨੇਡਾ ਰਹਿੰਦੀ ਲੜਕੀ,ਜਨਮ 1991,ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ: MA (Hindi) M. Ed. PTET CLEAR, National level Rifle shooter having various medals and having "D" course certificate for shooting coach, Currently on study permit master degree in M. Ed in leadership (specialization) for two year course at university of Regina, Canada ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਭਰਾ ਕਨੇਡਾ ਪੀ ਆਰ ਅਤੇ ਪਿਤਾ ਸੈਂਟਰਲ ਸਰਕਾਰ ਦਾ ਅਫਸਰ ਅਤੇ ਮਾਤਾ ਐਜੂਕੇਸ਼ਨ ਵਿਭਾਗ ਵਿੱਚੋਂ ਰਿਟਾਇਰਡ ਹਨ। ਸੰਪਰਕ: 1 437 604 4345 ਜਾਂ 1 647 570 4345 ***273F RG ***

## ਲੜਕੀ ਦੀ ਲੋੜ

ਕੈਨੇਡਾ ਵਿਜ਼ਿਟਰ ਵੀਜੇ ਉੱਪਰ ਆਏ ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 41 ਸਾਲ,ਕੱਦ 5 ਫੁੱਟ 10 ਇੰਚ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਸੰਪਰਕ:1 431 866 6458 ***272***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਵਿਰਕ ਪਰਿਵਾਰ ਦੇ ਕੈਲਗਰੀ ਵਿੱਚ ਰਹਿੰਦੇ ਲੜਕੇ ਜਨਮ 1992, ,ਕੱਦ 5 ਫੁੱਟ 11 ਇੰਚ,ਵਿੱਦਿਅਕ ਯੋਗਤਾ: ਡਿਪਲੋਮਾਂ (3 ਸਾਲ)ਮਕੈਨੀਕਲ ਇੰਜੀਨੀਅਰ, ਟਰਾਂਸਪੋਰਟ ਦਾ ਕਾਰੋਬਾਰ ਕਰਦੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਪੰਜਾਬ ਵਿੱਚ 6.5 ਏਕੜ ਜਮੀਨ ਅਤੇ ਕੈਲਗਰੀ ਵਿੱਚ ਆਪਣਾ ਘਰ ਹੈ। ਸੰਪਰਕ 587 839 7750, 1 825 438 4556, ਈ ਮੇਲ : Virknarinder66 @gmail.com ***272***

## ਲੜਕੇ ਦੀ ਲੋੜ

The Jatt Sikh Rai family is looking for a suitable match for their beautiful, tall Canadian citizen daughter, 31 years old, 5'10 "tall. She is family-oriented, with strong family values, well-educated with an associate degree in Healthcare Information Management, and works as a Project Manager in the healthcare field. We are seeking a tall, handsome individual who is a Canadian citizen and resides in Calgary or nearby areas, with a professional career. For contact, please call, text, or leave a voicemail at 403 478 7405 (for serious inquiries only) ***274***

## ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

## ਲੜਕੀ ਦੀ ਲੋੜ

ਇੰਡੀਆ ਰਹਿੰਦੇ ਜੱਟ ਸਿੱਖ ਮਾਂਗਟ ਪਰਿਵਾਰ ਦੇ ਲੜਕੇ, ਉਮਰ 33 ਸਾਲ, ਕੱਦ 6 ਫੁੱਟ, ਹਾਊਸ ਏ ਸੀ ਰਿਪੇਅਰ ਟੈਕਨੀਸ਼ੀਅਨ ਲਈ ਕੈਨੇਡੀਅਨ ਪੀ ਆਰ,ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ੇ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ੇ ਵਾਲੀ ਲੜਕੀ ਨੂੰ LMIA ਲਈ ਮੱਦਦ ਵੀ ਕਰ ਸਕਦੇ ਹਾਂ । ਸੰਪਰਕ: 1 780 667 7307 ***272***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਵਿਜ਼ਿਟਰ ਵੀਜ਼ੇ ਉੱਪਰ ਆਏ ਅੰਮ੍ਰਿਤਧਾਰੀ ਲੜਕੇ,ਉਮਰ 27 ਸਾਲ,ਕੱਦ 5 ਫ਼ੁੱਟ 10 ਇੰਚ ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 975 3251***272***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦਾ ਲੜਕਾ ਜਨਮ 1984,ਕੱਦ 5 ਫੁੱਟ 10 ਇੰਚ,ਮਕੈਨੀਕਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ, ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ,ਸਿੰਗਲ,ਉਮਰ 30 ਤੋਂ 38 ਸਾਲ ਵਿਚਕਾਰ ਅਤੇ ਲੜਕੀ ਦਾ ਕੱਦ 5 ਫੁੱਟ 5 ਇੰਚ ਪਲੱਸ ਹੋਵੇ। ਸਿਰਫ ਕਨੇਡਾ ਵਾਲੇ ਹੀ ਸੰਪਰਕ ਕਰਨ। ਕ੍ਰਿਪਾ ਕਰਕੇ ਮੈਰਿਜ ਬਿਊਰੋ ਮਾਫ ਕਰਨ। ਸੰਪਰਕ: 1 587 834 0019 ਜਾਂ ਵਟਸਐਪ 91 9872566405 ***271***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਨਾਈ ਸਿੱਖ ਪਰਿਵਾਰ ਦੀ ਵਿਧਵਾ ਲੜਕੀ(ਬਿਨਾ ਬੱਚੇ ਤੋਂ )ਉਮਰ 37 ਸਾਲ, ਆਰ ਐਨ ਦੀ ਜੌਬ ਕਰਦੀ ਲਈ ਯੋਗ ਕਨੇਡੀਅਨ ਵਰ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ 'ਤੇ ਸੈਟਲ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ। ਕਾਲ: 780 504 6770 ਜਾਂ 1 639 540 0879 ***271***

## ਲੜਕੇ ਦੀ ਲੋੜ

ਕਨੇਡੀਅਨ ਜੰਮਪਲ,ਜੱਟ ਸਿੱਖ ਪਰਿਵਾਰ ਦੀ ਲੜਕੀ, ਉਮਰ 30 ਸਾਲ, ਕੱਦ 5 ਫੁੱਟ 5 ਇੰਚ, ਕਰਿਮੀਨਲ ਜਸਟਿਸ ਦੀ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਲੋੜ ਹੈ । ਸੰਪਰਕ 1587 707 3029 ***271***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਗਰਚਾ ਪਰਿਵਾਰ ਦੇ ਲੜਕੇ,ਉਮਰ 29 ਸਾਲ, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਬਿਜਨਿਸ ਇਨ ਅਕਾਊਂਟਿੰਗ ਅਤੇ ਪਲੰਬਿੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਬਿਜਨਿਸ ਹੈ। ਸੰਪਰਕ: 1 587 568 8796 ਜਾਂ 1 587 568 8795 ***271***,

## ਲੜਕੀ ਦੀ ਲੋੜ

Seeking suitable match for 1994 born, 6 Ft. Tall Canadian Citizen, Saini Sikh, working as Pilot in Canadian airline. Entire family settled in Calgary, Canada. Looking for well educated, cultured, family-oriented bride from Professional background. If Interested send bio data@ +1 403-969-1476, Serious inquiries only (Marriage Bureau Excuse) ***269***,

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਤਲਾਕਸੁਦਾ, ਜੱਟ ਸਿੱਖ ਸਰਾਂ ਪਰਿਵਾਰ ਦੇ ਲੜਕੇ ਉਮਰ 40 ਸਾਲ, ਕੱਦ 5 ਫੁੱਟ 9 ਇੰਚ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ, ਵਰਕ ਪਰਮਿਟ ਜਾਂ ਵਿਜਟਿਰ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 280 0169 ਜਾਂ 1 825 561 2852 ***271***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਸਿੱਖ ਪਰਿਵਾਰ (ਧਿੰਜਨ) ਦੇ ਲੜਕੇ ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਪਲੱਸ 2 ਅਤੇ ਸੰਗੀਤ ਡਿਪਲੋਮਾ ਹੋਲਡਰ,ਹਾਰਮੋਨੀਅਮ, ਸਿਤਾਰ ਅਤੇ ਦਿਲਰੁਬਾ ਵਰਗੇ ਸਾਜ਼ ਵਜਾਉਣ ਦੇ ਮਾਹਿਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਕਨੇਡਾ ਵਿੱਚ ਆਪਣਾ ਘਰ ਹੈ। ਸੰਪਰਕ: 403 707 4913 ਜਾਂ ਈ ਮੇਲ: dhinjantirth@gmail.com ***271***

## ਲੜਕੀ ਦੀ ਲੋੜ

ਅੰਬਾਲਾ ਰਹਿੰਦੇ ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ, ਉਮਰ 24 ਕੱਦ 5 ਫੁੱਟ 11 ਇੰਚ, BCA ਡਿਗਰੀ (93%) k-11 ਸਕੂਲ ਫਿਟਨੈਸ ਸਾਇੰਸਸ ਦਿੱਲੀ ਤੋ ਤਜਰਬੇਕਾਰ ਫਿਟਨੈਸ ਟ੍ਰੇਨਰ ਦੀ ਡਿਗਰੀ ਪ੍ਰਾਪਤ, 22 ਏਕੜ ਜਮੀਨ, ਸ਼ਹਿਰੀ ਅਤੇ ਪੇਂਡੂ ਜਾਇਦਾਦ, ਨਸ਼ਾ ਰਹਿਤ ਲਈ ਕੈਨੇਡਾ ਦੀ ਪੀ-ਆਰ ਜਾ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ! ਸੰਪਰਕ-sukhivrbhangu75@gmial.com ***270***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਸੈਣੀ ਸਿੱਖ ਪਰਿਵਾਰ ਦੇ ਲੜਕੇ ਉਮਰ 39 ਸਾਲ, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਗਰੇਡ 12 ਅਤੇ ਆਈ ਟੀ ਆਈ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 403 918 0576 ***270***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਮੋਗਾ ਏਰੀਆ ਦੇ ਪਿਛੋਕੜ ਵਾਲੇ ਜੱਟ ਸਿੱਖ ਪਰਿਵਾਰ ਦੇ ਅੰਮ੍ਰਿਤਧਾਰੀ ਲੜਕੇ ਉਮਰ 30 ਸਾਲ,ਕੱਦ 5 ਫੁੱਟ 11 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਬਿਜਨਿਸ ਐਡਮਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ,ਪਰਿਵਾਰਕ ਕਦਰਾਂ ਕੀਮਤਾਂ ਵਾਲੀ ਚੰਗੀ ਜੌਬ ਕਰਦੀ ਅੰਮ੍ਰਿਤਧਾਰੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਸੰਪਰਕ: 1 587 500 4035 ***270***

## ਲੜਕੇ / ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸੰਘਾ ਪਰਿਵਾਰ ਦੀ ਲੜਕੀ,ਉਮਰ 31 ਸਾਲ,ਕੱਦ 5 ਫੁੱਟ 6 ਇੰਚ, ਬਿਜਨਿਸ ਮੈਨੇਜਮੈਂਟ ਐਡਮਨਿਸਟ੍ਰੇਸ਼ਨ ਡਿਪਲੋਮਾ ਹੋਲਡਰ ਲਈ ਚੰਗੇ ਪੜ੍ਹੇਲਿਖੇ ਲੜਕੇ ਅਤੇ ਇਸੇ ਹੀ ਪਰਿਵਾਰ ਦੇ ਵਿਜਟਿਰ ਵੀਜਾ ਉੱਪਰ ਕਨੇਡਾ ਆਏ ਲੜਕੇ ਉਮਰ 29 ਸਾਲ,ਕੱਦ 5 ਫੁੱਟ 9 ਇੰਚ,ਮਕੈਨੀਕਲ ਇੰਜੀਨੀਅਰਰਿੰਗ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 435 8721 ਜਾਂ 1 587 336 8069 ***270***

## ਲੜਕੇ ਦੀ ਲੋੜ

Jatt-Sikh Family is well established in Saskatoon, Canada. Looking for family-oriented Canadian born, Prefer Professional, well-educated match for their daughter born in 1991, 5"7 vegetarian born Braised in Canada. The daughter is family-oriented, has an education in Pharmacy, and owns her own business and house. Divorced, no kids, wants children. Now living with parents. Preference Alberta or Saskatchewan area. Serious inquiries only. No marriage Bureau calls. Send Bio E Mail: bpandher2007@yahoo.ca ***270***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਢਿੱਲੋਂ ਪਰਿਵਾਰ ਦੇ ਗੁਰਸਿੱਖ ਲੜਕੇ ,ਉਮਰ 29 ਸਾਲ, ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ: ਆਟੋਮੋਬਾਈਲ ਇੰਜੀਨੀਅਰਿੰਗ ਵਿੱਚ ਬੈਚਲਰ ਦੀ ਡਿਗਰੀ ਅਤੇ ਪ੍ਰੋਜੈਕਟ ਮੈਨੇਜਮੈਂਟ ਵਿੱਚ ਪੀਜੀਡੀਪੀ,ਲਈ , ਪੜ੍ਹੀ-ਲਿਖੀ ਪਰਿਵਾਰਕ ਕਦਰਾਂ-ਕੀਮਤਾਂ ਵਾਲੀ ਲੜਕੀ ਜਿਸ ਦਾ ਕੱਦ 5 ਫੁੱਟ 5 ਇੰਚ ਦੇ ਕਰੀਬ ਅਤੇ ਕਨੇਡੀਅਨ ਪੀ ਆਰ ਹੋਵੇ, ਦੇ ਰਿਸ਼ਤੇ ਦੀ ਲੋੜ ਹੈ। ਕਿਰਪਾ ਕਰਕੇ ਸਿਰਫ਼ ਸੀਰੀਅਸ ਪੁੱਛਗਿੱਛ ਲਈ ਹੀ ਸੰਪਰਕ ਕਰੋ: 587 296 5710 ਜਾਂ 403 926 2362 ***270***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।
ਸੰਪਰਕ 1 780 300 2000 (ਵਟਸਐਪ): 9583592000

## Need Office Administrator

**We need Office administrator person for our Calgary Office. who speaks good English, must have driver license, good wages,we will give training also!**
**Contact : Kam Khamba**
**@403-975-0128**

## ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

**ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।**
ਸੰਪਰਕ : 587 329 7202

## Name Change

I, GURPREET SINGH, son of MANMOHAN SINGH, holder of Indian passport No. L 1072738, issued at JALANDHAR, on 28/06/2013, permanent resident of Vill: BULEWAL, PO: UDHANWAL, Tehsil: BALACHOUR, SBS NAGAR PIN: 144521, PUNJAB, INDIA presently residing, 323 PINEWIND CLOSE NE, CALGARY(AB) T1Y2H5 CANADA. Do hereby change My name from GURPREET SINGH to GURPREET SINGH BAINS with immediate effect.
Date: 18/06/2025 Phone: 1 587 839 8717

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
Email: punjabiakhbaar@gmail.com
403 640 2000

## ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

**ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ**

**ਕਾਲ ਕਰੋ:**
**1 250 319 7263**



## ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ

ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ ।

**Specialist In:**
**All Type of Residential & Commercial Woodwork**
Interior Finishing: **Kitchen Cabinets:**
**Railing & Decorating**

**Manpreet Thind**
**Ph: (403) 455-1000**
**www.perfectfinishing.ca**

**Perfect Finishing Corp.**
**NewStar Cabinets Ltd.**
3341 19 St NE Calgary AB T2E 6S8




# ਵੰਝਲੀ ਵਾਲੜਿਆ ਵਾਲਾ, ਅਹਿਮਦ ਰਾਹੀ (4)

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਫਿਲਮ ਨਾਜੋ ਵਿੱਚੋਂ ਹੀ ਅਹਿਮਦ ਰਾਹੀ ਦਾ ਲਿਖਿਆ ਇੱਕ ਹੋਰ ਗੀਤ ਆਵਾਜ਼ ਮਲਿਕਾ -ਏ-ਤਰੰਨਮ ਨੂਰਜਹਾਂ ।ਗੀਤ ਰਾਹੀਂ ਗੀਤਕਾਰ, ਬੇਵਫਾ ਆਸ਼ਿਕ
ਦਾ ਕਿੱਸਾ ਛੋਂਹਦਾ ਹੈ

ਜਿਵੇਂ ਅੱਜ ਚੱਲਿਆ ਏਂ ਤੂੰ ਮੇਰਾ ਦਿਲ ਤੋੜ ਕੇ
ਏਸ ਤਰ੍ਹਾਂ ਤੇ ਲੋਕੀ ਵੇ ਖਿਡੌਣੇ ਵੀ ਨੀ ਤੋੜਦੇ
ਮੇਰੇ ਜਿੰਨਾ ਪਿਆਰ ਤੈਨੂੰ ਕਿਸੇ ਨਹੀਂਓ ਕਰਨਾ
ਮੇਰੇ ਵਾਂਗੂ ਰਾਹਵਾਂ ਵਿੱਚ ਕਿਸੇ ਨਹੀਂਓ ਮਰਨਾ
ਸ਼ੀਸ਼ਾ ਜਿਹੜਾ ਤੋੜਿਆ ਈ ਪਿਆਰ ਨਾਲ ਜੋੜਦੇ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ 7KCC 5267
ਕੰਪਨੀ- ਈ. ਐਮ. ਆਈ. ਕਰਾਚੀ ਪਾਕਿਸਤਾਨ
ਗੀਤਕਾਰ - ਅਹਿਮਦ ਰਾਹੀ / ਸੰਗੀਤ ਐਮ. ਅਸ਼ਰਫ
ਆਵਾਜ਼ - ਨੂਰਜਹਾਂ / ਫਿਲਮ - ਨਾਜੋ 1969

1970 ਦਾ ਵਰ੍ਹਾ ਅਹਿਮਦ ਰਾਹੀ ਦਾ ਸਿਖਰ ਆਖਿਆ ਜਾ ਸਕਦਾ ਹੈ। 1970 ਵਿੱਚ ਨਿਰਦੇਸ਼ਕ ਐਮ ਅਕਰਮ ਦੀ ਫਿਲਮ ਵਿਛੋੜਾ ਜਿਸਦੇ ਸੰਗੀਤਕਾਰ ਸਨ ਬਾਬਾ ਗੁਲਾਮ ਅਹਿਮਦ ਚਿਸ਼ਤੀ ।ਸੰਵਾਦ ਪੱਟਕਥਾ ਤੇ ਸੱਤ ਦੇ ਸੱਤ ਗੀਤ ਅਹਿਮਦ ਰਾਹੀ ਦੇ ਸਨ ।

9 ਜਨਵਰੀ 1970 ਨੂੰ ਵਿਛੋੜਾ ਸਿਨੇਮਾ ਘਰਾਂ ਵਿੱਚ ਪ੍ਰਦਰਸ਼ਿਤ ਕੀਤੀ ਗਈ ਇਸ ਫਿਲਮ ਨੇ ਚੋਖਾ ਕਾਰੋਬਾਰ ਕੀਤਾ ਫਿਲਮ ਦੇ ਨਾਲ ਨਾਲ ਇਸਦੇ ਗੀਤ ਵੀ ਲੋਕਾਂ ਦੇ ਦਿਲਾਂ ਵਿੱਚ ਵੱਸ ਗਏ ।ਵਿਛੋੜਾ ਵਿੱਚੋਂ ਅਹਿਮਦ ਰਾਹੀ ਦਾ ਲਿਖਿਆ, ਬਾਬਾ ਚਿਸ਼ਤੀ ਦਾ ਸੰਗੀਤਬੱਧ ਕੀਤਾ, ਗੀਤ ਨੂਰਜਹਾਂ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਗੀਤ ।ਪਿਆਰ ਵਿੱਚ ਧੋਖਾ ਖਾਣ ਤੋਂ ਬਾਅਦ ਮਹਿਬੂਬ ਦੇ ਦਿਲ ਦੀ ਅਵਸਥਾ।

ਪਰਦੇਸੀ ਨਾਲ ਪਿਆਰ ਨਾ ਕਰਿਓ
ਕਹਿੰਦਾ ਸੀ ਹਰ ਕੋਈ
ਪਰਦੇਸੀ ਨਾਲ ਪਿਆਰ ਮੈਂ ਕੀਤਾ
ਮੈਥੋਂ ਇਹ ਭੁੱਲ ਹੋਈ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ - 7KCC 5305
ਕੰਪਨੀ- ਈ. ਐਮ. ਆਈ. ਕਰਾਚੀ ਪਾਕਿਸਤਾਨ
ਗੀਤਕਾਰ - ਅਹਿਮਦ ਰਾਹੀ / ਸੰਗੀਤ - ਜੀ. ਏ. ਚਿਸ਼ਤੀ
ਆਵਾਜ਼ - ਨੂਰਜਹਾਂ / ਫਿਲਮ - ਵਿਛੋੜਾ 1970

1970 ਵਿੱਚ ਹੀ ਨਿਰਦੇਸ਼ਕ ਕਾਦਰ ਮਲਿਕ ਨੇ ਗੁੱਡੋ ਫਿਲਮ ਬਣਾਈ। ਇਸ ਦੇ ਸੰਗੀਤਕਾਰ ਸਨ ਖ਼ੁਆਜਾ ਖੁਰਸ਼ੀਦ ਅਨਵਰ ਸਾਹਿਬ ।ਕਹਾਣੀ, ਸੰਵਾਦ, ਪੱਟਕਥਾ ਤੇ ਗੀਤ ਅਹਿਮਦ ਰਾਹੀ ਦੇ ।23 ਫਰਵਰੀ 1970 ਨੂੰ ਇਹ ਫਿਲਮ ਪ੍ਰਦਰਸ਼ਿਤ ਕੀਤੀ ਗਈ ।ਫਿਲਮ ਗੁੱਡੋ ਵਿੱਚੋਂ ਅਹਿਮਦ ਰਾਹੀ ਦਾ ਲਿਖਿਆ ਖ਼ੂਬਸੂਰਤ ਗੀਤ—

ਮਾਹੀ ਵੇ ਮੈਨੂੰ ਲਾਲ ਪਵਾਦੇ ਚੂੜਾ
ਤੇ ਨਾਲੇ ਹੋਵੇ ਡਾਹਢਾ ਗੂੜ੍ਹਾ
ਛਾਂਵੇਂ ਤਾਅ ਲੱਗਦਾ ਏ, ਧੁੱਪੇ ਲੱਗੇ ਸੀਤ ਜੀ
ਵੱਖਰੀ ਜ਼ਮਾਨੇ ਤੋਂ ਜਵਾਨੀ ਦੀ ਇਹ ਰੀਤ ਜੀ
ਰਾਤੀਂ ਤਾਰੇ ਗਿਣਦੀ ਰਹਿੰਦੀ, ਦਿਨੇ ਬੈਠੀ ਝੌਂਕਾ ਲੈਂਦੀ
ਇਹ ਭੇਤੀ ਮੇਰੇ ਅੰਗ ਅੰਗ ਦੀ
ਮੈਂ ਹੋਰ ਕੁੱਝ ਨਹੀਂ ਮੰਗਦੀ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ -7KCC 5148
ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ - ਅਹਿਮਦ ਰਾਹੀ / ਸੰਗੀਤ - ਖ਼ੁਰਸ਼ੀਦ ਅਨਵਰ
ਆਵਾਜ਼ - ਨੂਰਜਹਾਂ / ਫਿਲਮ - ਗੁੱਡੋ 1970

ਫਿਲਮ ਗੁੱਡੋ ਵਿੱਚੋਂ ਹੀ ਸੰਗੀਤਕਾਰ ਖੁਰਸ਼ੀਦ ਅਨਵਰ ਸਾਹਿਬ ਦੀ ਲਾਜਵਾਬ ਧੁੰਨ, ਨੂਰਜਹਾਂ ਦੀ ਆਵਾਜ਼ ਅਤੇ ਅਹਿਮਦ ਰਾਹੀ ਦੇ ਬੋਲ।ਵਸਲ ਦੇ ਪਲਾਂ ਦਾ ਅਨੰਦਮਈ ਵਰਨਣ—

ਤਾਰਿਆਂ ਦੀ ਲੋਏ ਲੋਏ, ਮੈਂ ਤੇ ਢੋਲਾ ਇੱਕ ਹੋਏ
ਕਦੀ ਉਹਨੂੰ ਮੈਂ ਛੋਹਵਾਂ, ਕਦੇ ਮੈਨੂੰ ਉਹ ਛੋਏ
ਦਿਲ ਕੋਲੋਂ ਨੇੜੇ ਅੱਜ ਮੇਰਾ ਦਿਲਜਾਨੀ ਏ
ਪਿਆਰ ਵਾਲੀ ਰਾਤ ਉੱਤੋਂ ਅੱਤ ਦੀ ਜਵਾਨੀ ਏ
ਸਾਹਵਾਂ ਵਿੱਚੋਂ ਸੇਕ ਆਏ, ਅੱਗ ਪਾਣੀ ਨੇੜੇ ਹੋਏ
ਕਦੇ ਉਹਨੂੰ ਮੈਂ ਛੋਹਵਾਂ, ਕਦੇ ਮੈਨੂੰ ਉਹ ਛੋਏ
ਤਾਰਿਆਂ ਦੀ ਲੋਏ ਲੋਏ ਮੈਂ ਤੇ ਢੋਲਾ ਇੱਕ ਹੋਏ

ਰਿਕਾਰਡ ਦਾ ਲੜੀ ਨੰਬਰ - 7KCC 5148
ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ - ਅਹਿਮਦ ਰਾਹੀ / ਸੰਗੀਤ - ਖ਼ੁਰਸ਼ੀਦ ਅਨਵਰ
ਆਵਾਜ਼ - ਨੂਰਜਹਾਂ / ਫਿਲਮ ਗੁੱਡੋ 1970

1970 ਵਿੱਚ ਹੀ ਨਿਰਦੇਸ਼ਕ ਵਹੀਦ ਡਾਰ ਨੇ ਫਿਲਮ ਦਿਲ ਦੀਆਂ ਲੱਗੀਆਂ ਬਣਾਈ ।ਇਸ ਫਿਲਮ ਦੀ ਕਹਾਣੀ ਤੇ ਗੀਤ ਅਹਿਮਦ ਰਾਹੀ ਦੇ ਸਨ ਸੰਗੀਤ ਮਾਸਟਰ ਇਨਾਇਤ ਹੁਸੈਨ ਦਾ ।17 ਅਪ੍ਰੈਲ 1970 ਨੂੰ ਇਹ ਫਿਲਮ ਸਿਨੇਮਾ ਘਰਾਂ ਵਿੱਚ ਲੱਗੀ ।ਦਿਲ ਦੀਆਂ ਲੱਗੀਆਂ ਵਿੱਚੋਂ ਅਹਿਮਦ ਰਾਹੀ ਦਾ ਗੀਤ, ਮਾਸਟਰ ਇਨਾਇਤ ਹੁਸੈਨ ਦਾ ਸੰਗੀਤ, ਅਤੇ ਨੂਰਜਹਾਂ ਦੀ ਆਵਾਜ਼ ।ਪ੍ਰੇਮਿਕਾ ਆਪਣੇ ਆਪ ਨੂੰ ਤਾਰਾ ਦੱਸਦੀ ਐ ਤੇ ਮਹਿਬੂਬ ਦੀ ਤੁਲਨਾ ਚੰਨ ਨਾਲ ਕਰਦਾ ਹੈ ।ਪਿਆਰ ਵਿਚਲੀ ਜਿੱਤ ਤੇ ਹਾਰ ਨੂੰ ਕਿੰਨੇ ਖ਼ੂਬਸੂਰਤ ਅੰਦਾਜ਼ ਵਿੱਚ ਬਿਆਨਿਆ ਹੈ -

ਇੱਕ ਤਾਰਾ ਜਿਹਾ ਚੰਨ ਵੱਲੇ ਤੱਕਦਾ ਏ
ਤੱਕਦਾ ਏ ਨਾਲੇ ਝੱਕਦਾ ਏ
ਫੁੱਲਾਂ ਜਿਹੀ ਜਿੰਦੜੀ,
ਕੰਡੇ ਲੱਗੇ ਪਿਆਰ ਦੇ
ਦਿਲ ਜੇ ਨਾ ਹੁੰਦਾ ਪੱਲੇ,
ਕੀ ਅਸੀਂ ਹਾਰਦੇ
ਦਿਲ ਦੇਕੇ ਤੇ, ਕੁੱਝ ਨਹੀਂਓ ਬੱਚਦਾ ਏ
ਇੱਕ ਤਾਰਾ ਜਿਹਾ ਚੰਨ ਵੱਲੇ ਤੱਕਦਾ ਏ




ਰਿਕਾਰਡ ਦਾ ਲੜੀ ਨੰਬਰ ਕੋਲੰਬੀਆ 7KCC 5410
ਕੰਪਨੀ - ਈ.ਐਮ. ਆਈ. ਕਰਾਚੀ ਪਾਕਿਸਤਾਨ
ਗੀਤਕਾਰ - ਅਹਿਮਦ ਰਾਹੀ / ਸੰਗੀਤ - ਮਾਸਟਰ ਇਨਾਇਤ ਹੁਸੈਨ
ਆਵਾਜ਼ - ਨੂਰਜਹਾਂ / ਫਿਲਮ - ਦਿਲ ਦੀਆਂ ਲੱਗੀਆਂ 1970

ਦਿਲ ਦੀਆਂ ਲੱਗੀਆਂ ਵਿੱਚੋਂ ਹੀ ਰਾਹੀ ਸਾਹਿਬ ਦਾ ਬਹੁਤ ਮਕਬੂਲ ਗੀਤ ਨੂਰਜਹਾਂ ਦੀ ਆਵਾਜ਼ ਅਤੇ ਇਨਾਇਤ ਹੁਸੈਨ ਦਾ ਸੰਗੀਤ ।ਚੇਤੇ ਰਹੇ ਕਿ ਇਹ ਗੀਤ ਮਾਸੂਦ ਰਾਣਾ ਦੀ ਆਵਾਜ਼ ਵਿੱਚ ਵੀ ਇਸੇ ਹੀ ਫਿਲਮ ਲਈ ਰਿਕਾਰਡ ਹੋਇਆ ਸੀ ।ਜੇਕਰ ਇਸ ਗੀਤ ਨੂੰ ਫਿਲਮ ਤੋਂ ਵੱਖ ਕਰਕੇ ਵੀ ਸੁਣੀਏ ਤਾਂ ਪਿਆਰ ਦੀ ਦਾਸਤਾਂ ਨੂੰ ਬਿਆਨਦਾ ਹੈ ।ਜਿਸ ਵਿਚ ਕਿੱਸਾ ਕਾਵਿ ਦਾ ਪ੍ਰਭਾਵ ਸਾਫ ਦਿਖਾਈ ਦਿੰਦਾ ਹੈ ।ਅਹਿਮਦ ਰਾਹੀ ਗੀਤ ਰਾਹੀਂ ਸੋਹਣੀ ਮਹੀਂਵਾਲ ਦਾ ਕਿੱਸਾ ਛੋਂਹਦਾ ਹੈ, ਨਾਲੋ ਨਾਲ ਸੱਸੀ ਪੁੰਨੂੰ ਦੀ ਗੱਲ ਛੇੜਦਾ ਹੈ

ਯਾ ਆਪਣਾ ਕਿਸੇ ਨੂੰ ਕਰ ਲੈ,
ਯਾ ਆਪ ਕਿਸੇ ਦਾ ਹੋ ਬੇਲੀਆ
ਬੜਾ ਈ ਔਖਾ ਇਸ਼ਕ ਨਿਭਾਉਣਾ,
ਗਲ ਵਿੱਚ ਹਾਰ ਸੂਲਾਂ ਦੇ ਪਾਉਣਾ
ਇਹ ਤਾਂ ਦਿਲ ਵਿੱਚ ਚਾਨਣ ਕਰਦੀ
ਇਸ਼ਕ ਦੀ ਸੋਹਣੀ ਲੋਅ ਬੇਲੀਆ
ਇਸ਼ਕ ਝਨਾਵਾਂ ਦੇ ਵਿੱਚ ਠਿੱਲ੍ਹਦਾ
ਮਰ ਕੇ ਥਲਾਂ ਦੇ ਵਿੱਚ ਮਿਲਦਾ
ਉਹ ਤਾਂ ਨਦੀਆਂ ਚੀਰ ਕੇ ਮਿਲਦੇ
ਜਿਹੜੇ ਇੱਕ ਜਿੰਦੜੀ ਬੁੱਤ ਦੋ ਬੇਲੀਆ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ -7KCC 5411
ਕੰਪਨੀ - ਈ.ਐਮ.ਆਈ ਕਰਾਚੀ ਪਾਕਿਸਤਾਨ
ਗੀਤਕਾਰ - ਅਹਿਮਦ ਰਾਹੀ / ਸੰਗੀਤ - ਮਾਸਟਰ ਇਨਾਇਤ ਹੁਸੈਨ
ਆਵਾਜ਼ - ਨੂਰਜਹਾਂ / ਫਿਲਮ - ਦਿਲ ਦੀਆਂ ਲੱਗੀਆਂ 1970

ਜਿਵੇਂ ਭਾਰਤ ਵਿੱਚ ਹਿੰਦੀ ਦੀ ਸ਼ੋਲੇ ਅਤੇ ਪੰਜਾਬੀ ਦੀ ਚੰਨ ਪ੍ਰਦੇਸੀ ਦਾ ਰਿਕਾਰਡ ਹੈ ਉਸੇ ਤਰ੍ਹਾਂ ਪਾਕਿਸਤਾਨ ਵਿੱਚ ਬਨਣ ਵਾਲੀਆਂ ਫ਼ਿਲਮਾਂ ਵਿੱਚੋਂ 1970 ਵਿੱਚ ਬਣੀ ਫਿਲਮ ਹੀਰ-ਰਾਂਝਾ ਹੈ ।ਨਿਰਮਾਤਾ ਇਜ਼ਾਜ਼ ਦੁਰਾਨੀ ਅਤੇ ਮਸੂਦ ਪਰਵੇਜ਼ ਨੇ, ਮਸੂਦ ਪਰਵੇਜ਼ ਦੀ ਨਿਰਦੇਸ਼ਨਾ ਵਿੱਚ ਵਾਰਿਸ ਸ਼ਾਹ ਦੇ ਕਿੱਸੇ ਤੇ ਅਧਾਰਿਤ ਹੀਰ ਰਾਂਝਾ ਦਾ ਨਿਰਮਾਣ ਕੀਤਾ ।ਸੰਗੀਤ ਨਿਰਦੇਸ਼ਕ ਵੱਜੋਂ ਖ਼ੁਆਜਾ ਖੁਰਸ਼ੀਦ ਅਨਵਰ ਨੂੰ ਚੁਣਿਆ ਗਿਆ ਅਤੇ ਸੰਵਾਦ, ਪਟਕਥਾ, ਤੇ ਗੀਤ ਅਹਿਮਦ ਰਾਹੀ ਨੇ ਲਿਖੇ ।




ਅਹਿਮਦ ਰਾਹੀ ਦੇ ਸਮੁੱਚੇ ਜੀਵਨ ਵਿੱਚ ਹੀਰ ਰਾਂਝਾ ਸਦਾਬਹਾਰ ਸ਼ਾਹਕਾਰ ਸਿੱਧ ਹੋਈ ।ਇਸ ਫਿਲਮ ਦੇ ਗੀਤ ਅੱਜ ਵੀ ਬਹੁਤ ਹਰਮਨ ਪਿਆਰੇ ਹਨ ।19 ਜੂਨ 1970 ਨੂੰ ਹੀਰ ਰਾਂਝਾ ਸਿਨੇਮਾ ਘਰਾਂ ਦਾ ਸ਼ਿੰਗਾਰ ਬਣੀ ।ਟਿਕਟ ਖਿੜਕੀ 'ਤੇ ਇਹ ਫਿਲਮ ਲਗਾਤਾਰ 53 ਹਫਤੇ ਸਿਨੇਮਾ ਘਰਾਂ ਦਾ ਸ਼ਿੰਗਾਰ ਰਹੀ ।
ਫਿਲਮ ਦੇ ਗੀਤਾਂ ਦੀ ਭਾਰੀ ਮੰਗ ਹੋਈ ।ਕੋਲੰਬੀਆ ਕੰਪਨੀ ਨੂੰ ਹੀਰ ਰਾਂਝਾ ਦੇ ਰਿਕਾਰਡਾਂ ਨੂੰ ਪੰਜ ਪੰਜ ਵਾਰ ਬਣਾਉਣਾ ਪਿਆ । ਫਿਲਮ ਹੀਰ-ਰਾਂਝਾ ਵਿੱਚੋਂ ਮਲਿਕਾ-ਏ-ਤਰੰਨੁਮ ਨੂਰਜਹਾਂ ਦੀ ਮਖਮਲੀ ਆਵਾਜ਼, ਖੁਰਸ਼ੀਦ ਅਨਵਰ ਦਾ ਦਿਲ ਟੁੰਬਵਾਂ ਸੰਗੀਤ ਤੇ ਅਹਿਮਦ ਰਾਹੀ ਦੇ ਪਿਆਰ ਭਰੇ ਬੋਲ ।ਜਦੋਂ ਧੀਦੋ ਰਾਂਝਾ ਝੰਗ ਸਿਆਲੀਂ ਪੁੱਜ ਕੇ ਵੰਝਲੀ ਦੀ ਤਾਣ ਛੇੜਦਾ ਹੈ ਤਾਂ ਹੀਰ ਜਿਸਨੂੰ ਆਪਣੇ ਹੁਸਨ ਤੇ ਮਾਣ ਸੀ ।ਰਾਂਝੇ ਦੀ ਵੰਝਲੀ ਦੀ ਤਾਣ ਤੇ ਮੋਹਿਤ ਹੋ ਕੇ ਕਹਿੰਦੀ ਐ -

ਸੁਣ ਵੰਝਲੀ ਦੀ ਮਿੱਠੜੀ ਤਾਣ ਵੇ
ਮੈਂ ਤਾਂ ਹੋ ਹੋ ਗਈ ਕੁਰਬਾਨ ਵੇ
ਵੰਝਲੀ ਦੀ ਤਾਣ ਵਿੱਚ ਰੂਹ ਮੇਰੀ ਬੋਲਦੀ
ਉਮਰਾਂ ਦੇ ਕੱਜੇ ਹੋਏ ਭੇਤ ਪਈ ਖ੍ਹੋਲਦੀ
ਸਾਡੀ ਅਜ਼ਲਾਂ ਤੋਂ ਜਾਣ ਪਛਾਣ ਵੇ
ਮੈਂ ਤਾਂ ਹੋ ਹੋ ਗਈ ਕੁਰਬਾਨ ਵੇ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ 7KCC 5398
ਕੰਪਨੀ - ਈ.ਐਮ.ਆਈ ਕਰਾਚੀ ਪਾਕਿਸਤਾਨ
ਗੀਤਕਾਰ - ਅਹਿਮਦ ਰਾਹੀ / ਸੰਗੀਤ - ਖ਼ੁਰਸ਼ੀਦ ਅਨਵਰ
ਆਵਾਜ਼ - ਨੂਰਜਹਾਂ / ਫਿਲਮ - ਹੀਰ-ਰਾਂਝਾ 1970

'ਹੀਰ-ਰਾਂਝਾਂ' ਵਿੱਚੋਂ ਹੀ ਨੂਰਜਹਾਂ ਅਤੇ ਮੁਨੀਰ ਹੁਸੈਨ ਦੀ ਆਵਾਜ਼ ਵਿੱਚ, ਖੁਰਸ਼ੀਦ ਅਨਵਰ ਦੇ ਸੰਗੀਤਬੱਧ ਕੀਤੇ ਹੋਏ ਰਾਹੀ ਸਾਹਿਬ ਦੇ ਲਿਖੇ, ਹੀਰ ਰਾਂਝੇ ਦੇ ਪਿਆਰੇ ਬੋਲ, ਦੁ-ਗਾਣੇ ਦੇ ਰੂਪ ਵਿੱਚ ।ਜਿਸ ਵੇਲੇ ਭਾਬੀਆਂ ਦੇ ਤਾਹਿਨਿਆਂ ਤੋਂ ਤੰਗ ਆਇਆ ਰਾਂਝਾ ਤਖਤ ਹਜ਼ਾਰਾ ਛੱਡ ਸਿਆਲਾਂ ਦੇ ਬੇਲਿਆਂ ਵਿੱਚ ਹੀਰ ਦੇ ਦੀਦਾਰ ਕਰਨ ਲਈ ਆਉਂਦਾ ਹੈ ।ਹੀਰ ਵੀ ਰਾਂਝੇ ਪਿਆਰ ਦੇ ਵਿੱਚ ਖੋ ਜਾਂਦੀ ਐ ।ਹੀਰ ਤੇ ਰਾਂਝਾ ਝੰਗ ਸਿਆਲੀਂ ਬੇਲਿਆਂ ਵਿੱਚ ਅਠਖੇਲੀਆਂ ਕਰਦੇ ਗਾਉਂਦੇ ਹਨ ਹੀਰ - ਓ ਵੰਝਲੀ ਵਾਲੜਿਆ, ਤੂੰ ਤਾਂ ਮੋਹ ਲਈ ਉਹ ਮੁਟਿਆਰ ਕਦੇ ਨਹੀਂ ਜਿਹਨੇ ਸੀ ਮੰਨੀ ਹਾਰ,

ਤੈਨੂੰ ਕਰ ਬੈਠੀ ਆਂ ਪਿਆਰ ਵੰਝਲੀ ਵਾਲੜਿਆ,
ਵੇ ਇਹ ਗੱਲ ਭੁੱਲੀਂ ਨਾਂ
ਰਾਂਝਾ - ਓ ਨੈਣਾਂ ਵਾਲੜੀਏ,
ਨੀ ਮੇਰੀ ਵੰਝਲੀ ਦੀ ਤੂੰ ਏਂ ਤਾਣ
ਤੂੰ ਏਂ ਮੇਰਾ ਦੀਨ ਇਮਾਨ,
ਤੈਥੋਂ ਵਾਰ ਦਿਆਂ ਜਿੰਦ ਜਾਨ
ਨੈਣਾਂ ਵਾਲੜੀਏ, ਨੀ ਇਹ ਗੱਲ ਭੁੱਲੀਂ ਨਾ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ 7ਖਛਛ 5396
ਕੰਪਨੀ- ਈ.ਐਮ.ਆਈ ਕਰਾਚੀ ਪਾਕਿਸਤਾਨ
ਗੀਤਕਾਰ - ਅਹਿਮਦ ਰਾਹੀ / ਸੰਗੀਤ - ਖ਼ੁਰਸ਼ੀਦ ਅਨਵਰ
ਆਵਾਜ਼ - ਨੂਰਜਹਾਂ ਮੁਨੀਰ ਹੁਸੈਨ / ਫਿਲਮ - ਹੀਰ-ਰਾਂਝਾ 1970

ਰਾਂਝੇ ਤੋਂ ਵਿਛੜੀ ਧੱਕੇ ਨਾਲ ਸੈਦੇ ਖੇੜੇ ਦੀ ਡੋਲੀ ਬਿਠਾਈ ਹੀਰ, ਖੇੜਿਆਂ ਦੇ ਘਰ ਰਾਂਝਣ ਮਾਹੀ ਦੀ ਯਾਦ ਵਿੱਚ, ਵਿਛੋੜਿਆਂ ਦੇ ਤੀਰ ਸਹਿੰਦੀ, ਰੋਂਦੀ ਕੁਰਲਾਉਂਦੀ ਐ । ਉਸ ਵੇਲੇ ਦੀਆਂ ਕੂਕਾਂ ਨੂੰ ਅਹਿਮਦ ਰਾਹੀ ਨੇ ਇੰਝ ਬਿਆਨਿਆ ।ਜੋ ਨੂਰਜਹਾਂ ਦੀ ਆਵਾਜ਼ ਵਿੱਚ ਖੁਰਸ਼ੀਦ ਅਨਵਰ ਨੇ ਸੰਗੀਤਬੱਧ ਕੀਤਾ ।

ਕਦੀ ਆ ਮਿਲ ਰਾਂਝਣ ਵੇ,
ਕੀਹਨੂੰ ਦਿਲ ਦਾ ਹਾਲ ਸੁਣਾਵਾਂ ਇੱਥੇ ਸਭ ਵੈਰੀ ਵੇ,
ਕੀਹਨੂੰ ਆਪਣਾ ਹਾਲ ਸੁਣਾਵਾਂ
ਓ ਰਾਂਝਣ ਵੇ, ਓ ਰਾਂਝਣ ਵੇ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ 7KCC 5398
ਕੰਪਨੀ - ਈ.ਐਮ.ਆਈ ਕਰਾਚੀ ਪਾਕਿਸਤਾਨ
ਗੀਤਕਾਰ - ਅਹਿਮਦ ਰਾਹੀ / ਸੰਗੀਤ - ਖ਼ੁਰਸ਼ੀਦ ਅਨਵਰ
ਆਵਾਜ਼ - ਨੂਰਜਹਾਂ / ਫਿਲਮ - ਹੀਰ-ਰਾਂਝਾ 1970

ਅਹਿਮਦ ਰਾਹੀ ਨੇ 60 ਤੋਂ ਵੱਧ ਪੰਜਾਬੀ ਫ਼ਿਲਮਾਂ ਦੇ ਗੀਤ ਲਿਖੇ ਜੋ ਪਾਕਿਸਤਾਨ ਦੇ ਨਾਲ ਨਾਲ ਭਾਰਤ ਵਿੱਚ ਵੀ ਬਹੁਤ ਸਲਾਹੇ ਗਏ ।ਸੀਮਤ ਸਾਧਨਾਂ ਕਰਕੇ ਮੈਂ ਅਹਿਮਦ ਰਾਹੀ ਦੇ ਗੀਤਾਂ ਦੀ ਸਰਸਰੀ ਜਿਹੀ ਜਾਣਕਾਰੀ ਤੁਹਾਡੇ ਨਾਲ ਸਾਂਝੀ ਕੀਤੀ ਐ ।1970 ਤੱਕ ਦੀਆਂ ਫਿਲਮਾਂ ਵਿੱਚੋਂ ਬਹੁਤ ਜ਼ਿਆਦਾ ਮਕਬੂਲ ਹੋਏ ਇੱਕ ਜਾਂ ਦੋ, ਪੂਰੇ ਦੇ ਪੂਰੇ ਗੀਤ ਵੀ ਸਾਂਝੇ ਕੀਤੇ ਹਨ ।ਉਸ ਦਾ ਮਕਸਦ ਇਹ ਐ ਕਿ ਭਾਰਤ ਵਿੱਚ ਗਾਇਕੀ ਦੇ ਪਿੜ ਵਿੱਚ ਪੈਰ ਧਰਨ ਵਾਲੇ ਨਵੇਂ ਕਲਾਕਾਰਾਂ ਨੂੰ ਇਹਨਾਂ ਗੀਤਾਂ ਦੇ ਸਹੀ ਅਲਫਾਜ਼ ਦਾ ਪਤਾ ਲੱਗ ਸਕੇ ।ਰਿਕਾਰਡਾਂ ਦਾ ਲੜੀ ਨੰਬਰ ਲਿਖਣ ਦਾ ਮਕਸਦ ਇਹ ਐ ਕਿ ਰਿਕਾਰਡ ਉਹ ਭਰੋਸੇਯੋਗ ਸਾਧਨ ਐ ਜਿਸ ਤੇ ਗੀਤਕਾਰ, ਸੰਗੀਤਕਾਰ, ਗਾਇੱਕ ਦਾ ਨਾਮ ਸਹੀ ਅੰਕਿਤ ਹੁੰਦਾ ਸੀ ।ਬਦਲੇ ਜ਼ਮਾਨੇ ਵਿੱਚ ਇਹਨਾਂ ਗੀਤਾਂ ਦੇ ਹੱਕਦਾਰ ਜਦੋਂ ਯੂ ਟਿਊਬ ਜਾਂ ਹੋਰ ਸਾਧਨਾਂ ਰਾਹੀਂ ਕਾਰੋਬਾਰ ਕਰਦੇ ਹਨ, ਤਾਂ ਇਹਨਾਂ ਰਿਕਾਰਡਾਂ ਨੂੰ ਆਧਾਰ ਬਣਾ ਕੇ ਗੀਤਾਂ ਦੇ ਨਾਲ ਉਸ ਦੇ ਗੀਤਕਾਰ ਤੇ ਸੰਗੀਤਕਾਰ ਦੇ ਨਾਮ ਵੀ ਲਿਖਣ ।

ਬੇਸ਼ੱਕ ਅਹਿਮਦ ਰਾਹੀ ਦੇ ਗੀਤ ਸਿਨੇਮੇ ਦੇ ਸੁਨਹਿਰੀ ਪਰਦੇ ਦਾ ਹਿਸਾ ਬਣੇ ।ਪਰ ਜਦੋਂ ਅਸੀਂ ਰਾਹੀ ਦੇ ਗੀਤਾਂ ਦਾ ਸਮੁੱਚਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਉਸ ਦੇ ਗੀਤ ਫ਼ਿਲਮਾਂ ਤੋਂ ਵੱਖ ਕਰਕੇ ਵੀ ਲੋਕ ਮਨਾਂ ਵਿਚ ਵਸੇ ਹੋਏ ਹਨ । ਕਿਉਂਕਿ ਰਾਹੀ ਦੇ ਗੀਤ ਲੋਕ-ਮਨਾਂ ਦੀ ਤਰਜਮਾਨੀ ਕਰਦੇ ਹਨ ।ਜਦੋਂ ਅਸੀਂ ਰਾਹੀ ਦੀ ਸਮੁੱਚੀ ਗੀਤਕਾਰੀ 'ਤੇ ਝਾਤ ਮਾਰਦੇ ਹਾਂ ਤਾਂ ਉਸ ਤੇ ਕਿੱਸਾ-ਕਾਵਿ ਦੀ ਪੁੱਠ ਸਾਫ ਨਜ਼ਰ ਆਉਂਦੀ ਹੈ ।ਅਹਿਮਦ ਰਾਹੀ ਫ਼ਕੀਰ ਕਿਸਮ ਦਾ ਸ਼ਾਇਰ ਸੀ ।ਮੁੱਢਲੇ ਦਿਨਾਂ ਵਿੱਚ ਜਦੋਂ ਰਾਹੀ ਅਜੇ ਪੈਰਾਂ ਭਾਰ ਨਹੀਂ ਸੀ ਹੋਇਆ ਤਾਂ ਇੱਕ ਦਿਨ ਕੁੱਝ ਉਮੀਦ ਲੈਕੇ ਫਿਲਮ ਨਿਰਮਾਤਾ ਬਾਰੀ ਮਲਿਕ ਦੇ ਦਫ਼ਤਰ ਗਿਆ ।ਅੱਗੋਂ ਮਲਿਕ ਸਾਹਿਬ ਆਪਣੇ ਦਫਤਰ ਵਿੱਚ ਮੌਜੂਦ ਨਹੀਂ ਸਨ ।ਦਫਤਰ ਵਿੱਚ ਮਲਿਕ ਸਾਹਿਬ ਦਾ ਕਰਮਚਾਰੀ ਸੀ ।ਰਾਹੀ ਨੇ ਉਸਨੂੰ ਪੁੱਛਿਆ ਕਿ

"ਮਲਿਕ ਸਾਹਿਬ ਕਿੱਥੇ ਹਨ ?
ਕਰਮਚਾਰੀ ਨੇ ਕਿਹਾ ਕਿ
"ਤੁਸੀਂ ਇੰਤਜ਼ਾਰ ਕਰੋ ਕੰਮ ਗਏ ਹਨ ਆ ਜਾਣਗੇ
ਰਾਹੀ ਨੇ ਕਾਫੀ ਦੇਰ ਇੰਤਜ਼ਾਰ ਕੀਤਾ ਪਰ ਮਲਿਕ ਸਾਹਿਬ ਕੋਈ ਰੁਝੇਵੇਂ ਵਿੱਚ ਮਸ਼ਰੂਫ ਹੋਣ ਕਾਰਨ ਲੇਟ ਹੋ ਗਏ ।
ਅੱਕ ਥੱਕ ਰਾਹੀ ਨੇ ਕਰਮਚਾਰੀ ਨੂੰ ਕਿਹਾ ਕਿ
"ਮੈਨੂੰ ਇੱਕ ਕਾਗਜ਼ ਤੇ ਪੈਨ ਦਿਓ

ਕਰਮਚਾਰੀ ਨੇ ਕਾਗਜ਼ ਪੈਨ ਦਿੱਤਾ ਤਾਂ ਰਾਹੀ ਸਾਹਿਬ ਨੇ ਦੋ ਸਤਰਾਂ ਲਿਖੀਆਂ ਅਤੇ ਕਾਗਜ਼ ਮਲਿਕ ਦੇ ਮੇਜ਼ ਤੇ ਰੱਖ ਕੇ ਚਲਾ ਗਿਆ ਜਦੋਂ ਮਲਿਕ ਸਾਹਿਬ ਆਏ ਤਾਂ ਉਹਨਾਂ ਆਪਣੇ ਕਰਮਚਾਰੀ ਨੂੰ ਪੁੱਛਿਆ ਕਿ
"ਰਾਹੀ ਆਇਆ ਸੀ ?
ਉਸਨੇ ਨੇ ਉੱਤਰ ਦਿੱਤਾ
"ਜੀ ਆਏ ਸਨ
ਮਲਿਕ ਸਾਹਿਬ ਨੇ ਆਪਣੇ ਕਰਮਚਾਰੀ ਨੂੰ ਹੁਕਮ ਦਿੱਤਾ ਕਿ
'ਰਾਹੀ ਕਿਤੇ ਨੇੜੇ ਹੀ ਹੋਵੇਗਾ ਜਿੱਥੇ ਹੈ ਉਸਨੂੰ ਲੱਭ ਕੇ ਲੈਕੇ ਆਓ
ਥ ?ੋੜੇ ਸਮੇਂ ਬਾਅਦ ਉਹ ਰਾਹੀ ਨੂੰ ਨਾਲ ਲੈਕੇ ਆਇਆ ਤਾਂ ਮਲਿਕ ਸਾਹਿਬ ਨੇ
ਰਾਹੀ ਨੂੰ ਆਖਿਆ ਕਿ
"ਜੋ ਤੂੰ ਆਹ ਸਤਰਾਂ ਲਿਖੀਆਂ ਨੇ ਇਹ ਗੀਤ ਪੂਰਾ ਕਰਕੇ ਦੇਹ
ਅੱਗੋਂ ਰਾਹੀ ਸਾਹਿਬ ਕਹਿੰਦੇ
"ਇਹ ਕੋਈ ਸਤਰਾਂ ਨਹੀਂ ਇਹ ਮੇਰੀ ਜ਼ਰੂਰਤ ਸੀ, ਤੁਹਾਡਾ ਇੰਤਜਾਰ ਕਰਦੇ ਕਰਦੇ ਮੈਂ ਥੱਕ ਗਿਆ ਨਿਰਾਸ਼ ਹੋਕੇ ਕਾਗਜ਼ ਤੇ ਆਹ ਸੁਨੇਹਾ ਲਿਖ ਕੇ ਛੱਡ ਗਿਆ ਸੀ
ਮਲਿਕ ਸਾਹਿਬ ਨੇ ਪੁੱਛਿਆ
"ਤੇਰੀ ਜ਼ਰੂਰਤ ਕੀ ਐ ?
ਤਾਂ ਰਾਹੀ ਨੇ ਆਖਿਆ
"ਇੱਕ ਸੌ ਰੁਪਏ
ਮਲਿਕ ਸਾਹਿਬ ਕਹਿੰਦੇ
"ਰਾਹੀਂ ਤੂੰ ਪਹਿਲਾਂ ਵੀ ਗੀਤ ਲਿਖਣ ਦਾ ਵਾਅਦਾ ਕਰਕੇ ਇੱਕ ਦਿਨ ਪੈਸੇ ਲੈ ਗਿਆ ਸੀ ।ਪਰ ਗੀਤ ਨਹੀਂ ਦੇਕੇ ਗਿਆ
ਅੱਗੋਂ ਰਾਹੀ ਕਹਿੰਦਾ
"ਮਲਿਕ ਸਾਹਿਬ ਉਹ ਪੈਸੇ ਤਾਂ ਖਾਧੇ ਪੀਤੇ ਗਏ ।ਗੀਤ ਲਿਖਣ ਦਾ ਮੂਡ ਨਹੀਂ ਬਣਿਆ, ਜੇ ਆਹ ਪੂਰਾ ਕਰਨੈ ਤਾਂ ਮੇਰੀ ਜ਼ਰੂਰਤ ਪੂਰੀ ਕਰੋ ਇਹਨਾਂ ਸਤਰਾਂ
ਤੇ ਗੀਤ ਵੀ ਲਿਖ ਦਿਆਂਗਾ
ਬਾਰੀ ਮਲਿਕ ਨੇ ਰਾਹੀ ਦੀ ਜ਼ਰੂਰਤ ਪੂਰੀ ਕਰ ਦਿੱਤੀ ।

ਉਹ ਦੋ ਸਤਰਾਂ ਜੋ ਬਾਰੀ ਮਲਿਕ ਦੇ ਇੰਤਜ਼ਾਰ ਵਿਚ ਅਹਿਮਦ ਰਾਹੀ ਲਿਖ ਕੇ, ਮਲਿਕ ਦੇ ਮੇਜ਼ ਤੇ ਰੱਖ ਗਿਆ ਸੀ ਉਹ ਸਨ ।

ਤੇਰੇ ਦਰ ਤੇ ਆਕੇ ਸੱਜਣਾ ਓਏ
ਅਸੀਂ ਖਾਲੀ ਝੋਲੀ ਲੈ ਚੱਲੇ
ਲੱਖਾਂ ਆਸਾਂ ਲੈਕੇ ਆਏ ਸਾਂ
ਦੋ ਨੈਣ ਸਵਾਲੀ ਲੈ ਚੱਲੇ

ਦੁਨੀਆਂ ਜਾਣਦੀ ਐ ਕਿ ਜਦੋਂ ਅਹਿਮਦ ਰਾਹੀ ਦਾ ਲਿਖਿਆ ਇਹ ਗੀਤ ਬਾਰੀ ਮਲਿਕ ਨੇ ਫਿਲਮ ਯੱਕੇ ਵਾਲੀ ਵਿੱਚ ਸ਼ਾਮਲ ਕੀਤਾ ਤਾਂ ਫਿਲਮ ਨੇ ਕਿੱਡਾ ਵੱਡਾ ਕਾਰੋਬਾਰ ਕੀਤਾ ਸੀ ।ਜਿਸ ਫਿਲਮ ਦੇ ਆਸਰੇ ਬਾਰੀ ਸਟੂਡੀਓ ਦਾ ਨਿਰਮਾਣ ਹੋਇਆ ।ਅਹਿਮਦ ਰਾਹੀ ਦਾ ਲਿਖਿਆ ਪੂਰਾ ਗੀਤ
ਤੇਰੇ ਦਰ ਤੇ ਆਕੇ ਸੱਜਣਾ ਵੇ,

ਅਸੀਂ ਝੋਲੀ ਖਾਲੀ ਲੈ ਚੱਲੇ ਲੱਖਾਂ ਆਸਾਂ ਲੈਕੇ ਆਏ ਸਾਂ,
ਦੋ ਨੈਣ ਸਵਾਲੀ ਲੈ ਚੱਲੇ ਪੈਰਾਂ ਵਿੱਚ ਰੋਲਣ ਪਿਆਰਾਂ ਨੂੰ,
ਅਸਾਂ ਵੇਖ ਲਿਆ ਗ਼ਮਖਾਰਾਂ ਨੂੰ ਬਾਗ਼ਾਂ ਦੀਆਂ ਮਸਤ ਬਹਾਰਾਂ ਨੂੰ,
ਬਾਗ਼ਾਂ ਦੇ ਮਾਲੀ ਲੈ ਚੱਲੇ
ਤੇਰੇ ਦਰ ਤੇ ਆਕੇ ਸੱਜਣਾ ਵੇ
ਰੁੱਤ ਬਦਲੀ ਛਾਵਾਂ ਢਲੀਆਂ ਵੇ, ਖੁਸ਼ੀਆਂ ਦੀਆਂ ਸੁੱਕੀਆਂ ਕਲੀਆਂ ਵੇ
ਚਾਵਾਂ ਦੇ ਬੂਟੇ ਲਾਏ ਸਨ, ਜ਼ਖਮਾਂ ਦੀ ਡਾਲੀ ਲੈ ਚੱਲੇ
ਤੇਰੇ ਦਰ ਤੇ ਆਕੇ ਸੱਜਣਾ ਵੇ
ਇਸ ਜੱਗ ਵਿੱਚ ਅੱਥਰੂ ਖਿਲਦੇ ਨੇ, ਦਿਲ ਦੇਕੇ ਦੁੱਖੜੇ ਮਿਲਦੇ ਨੇ
ਅਸੀਂ ਆਕੇ ਤੇਰੀ ਦੁਨੀਆਂ ਤੇ, ਜਿੰਦ ਦੁੱਖਾਂ ਵਾਲੀ ਲੈ ਚੱਲੇ
ਤੇਰੇ ਦਰ ਤੇ ਆਕੇ ਸੱਜਣਾ ਵੇ

ਰਿਕਾਰਡ ਦਾ ਲੜੀ ਨੰਬਰ 7KCC5009
ਲੇਬਲ - ਹਿਜ਼ ਮਾਸਟਰਜ਼ ਵਾਇਸ
ਕੰਪਨੀ- ਈ. ਐਮ. ਆਈ. ਕਰਾਚੀ ਪਾਕਿਸਤਾਨ
ਗੀਤਕਾਰ - ਅਹਿਮਦ ਰਾਹੀ / ਸੰਗੀਤਕਾਰ - ਜੀ. ਏ. ਚਿਸ਼ਤੀ
ਆਵਾਜ਼ - ਜ਼ੁਬੈਦਾ ਖਾਨਮ / ਫਿਲਮ - ਯੱਕੇ ਵਾਲੀ 1957

ਅਹਿਮਦ ਰਾਹੀ ਬਾਰੇ ਜਿੰਨਾ ਲਿਖਿਆ ਜਾਵੇ ਥੋੜ੍ਹਾ ਹੈ ।ਉਹ ਪਾਕਿਸਤਾਨ ਦੇ ਮੁੱਢਲੇ ਗੀਤਕਾਰਾਂ ਵਿੱਚੋਂ ਇੱਕ ਸੀ ।ਉਸ ਦੇ ਗੀਤ ਪਾਕਿਸਤਾਨ ਦੀਆਂ ਫਿਲਮਾਂ, ਰੇਡੀਓ, ਟੈਲੀਵਿਜ਼ਨ ਦਾ ਸ਼ਿੰਗਾਰ ਬਣੇ ।ਫਰਵਰੀ 2002 ਵਿੱਚ ਅਹਿਮਦ ਰਾਹੀ ਨੂੰ ਅਧਰੰਗ ਹੋ ਗਿਆ ।ਉਸ ਦੀ ਯਾਦਾਸ਼ਤ ਵੀ ਜਾਂਦੀ ਰਹੀ ।ਬੋਲਣ ਵਿਚ ਵੀ ਸਮੱਸਿਆ ਪੈਦਾ ਹੋ ਗਈ ।ਲਗਾਤਾਰ ਸੱਤ ਮਹੀਨਿਆਂ ਦੇ ਦੋਜ਼ਖ਼ ਤੋਂ ਬਾਅਦ 2 ਸਿਤੰਬਰ 2002 ਨੂੰ ਪੰਜਾਬ ਦੇ ਪੁੱਤਰ ਅਹਿਮਦ ਰਾਹੀ ਨੇ ਲਾਹੌਰ ਵਿਚ ਆਖਰੀ ਸਾਹ ਲਏ ।




# ਬਚੀ ਓਏ, ਛੇਤੀ ਉੱਠ, ਬਥੇਰਾ ਸੌਂ ਲਿਆ ਜਾ ਪੰਚਰ ਲਾ ਦੇ



ਸੜਕ ਦੇ ਕਿਨਾਰੇ 'ਤੇ ਇੱਕ ਦੂਜੇ ਦੇ ਉੱਪਰ ਰੱਖੇ ਨਜ਼ਰ ਆਉਂਦੇ ਇਹ ਪੁਰਾਣੇ-ਧਰਾਣੇ ਟਾਇਰ ਦੇਖਣ ਵਾਲੀ ਕੋਈ ਅਲੋਕਾਰ ਚੀਜ਼ ਨਹੀਂ ਪਰ ਜ਼ਿੰਦਗੀ 'ਚ ਕਈ ਵਾਰ ਇਹਨਾਂ ਨੂੰ ਦੇਖ ਕੇ ਜੋ ਸੁਖਦ ਅਹਿਸਾਸ ਹੁੰਦੈ, ਉਸ ਨੂੰ ਸ਼ਬਦਾਂ 'ਚ ਬਿਆਨ ਕਰਨਾ ਵੀ ਔਖਾ ਹੈ।

ਜ਼ਰਾ ਸੋਚ ਕੇ ਵੇਖੋ ਤਿੱਖੜ ਦੁਪਹਿਰ ਇੱਕ ਡੇਢ ਵਜੇ ਦਾ ਟਾਈਮ ਹੋਵੇ, ਬੰਦੇ ਦੇ ਨਾਲ ਜਨਾਨੀ ਸਵਾਰੀ ਹੋਵੇ ਤੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਮਜ਼ਬੂਰੀ ਵੱਸ ਕਿਤੇ ਜਾ ਰਹੇ ਹੋਣ, ਟਾਇਰ ਪੰਚਰ ਹੋ ਜਾਵੇ। ਨੇੜੇ-ਤੇੜੇ ਕੋਈ ਪਿੰਡ, ਸ਼ਹਿਰ ਜਾਂ ਦੁਕਾਨ ਨਾ ਦਿੱਸੇ ਤੇ ਮੋਟਰਸਾਈਕਲ ਨੂੰ ਘੜੀਸ ਕੇ ਲਿਜਾ ਰਹੇ ਵਿਅਕਤੀ ਕੋਲੋਂ ਉਸ ਵਕਤ ਘਰ ਵਾਲੀ ਨੂੰ ਖਿਝ ਕੇ ਬੋਲਣ ਤੋਂ ਸਿਵਾਏ ਕੁੱਝ ਵੀ ਨਹੀਂ ਹੁੰਦਾ। ਜਦੋਂ ਦੂਰੋਂ ਹੀ ਸੜਕ ਦੇ ਕਿਨਾਰੇ 'ਤੇ ਇਸ ਤਰਾਂ ਪਏ ਟਾਇਰ ਦਿਖਾਈ ਦਿੰਦੇ ਨੇ ਤਾਂ ਇੰਝ ਲਗਦੈ ਜਿਵੇਂ ਕੋਈ ਜੰਗ ਜਿੱਤ ਲਈ ਹੋਵੇ। ਸਾਹੋ-ਸਾਹ ਹੋਏ ਬੰਦੇ ਨੂੰ ਸੁੱਖ਼ ਦਾ ਸਾਹ ਮਹਿਸੂਸ ਹੁੰਦਾ ਹੈ।

ਨੀਵੀਂ ਛੱਤ ਵਾਲੀ ਪੁਰਾਣੀ ਜਿਹੀ ਦੁਕਾਨ ਵਿੱਚ ਪਾਣੀ ਦਾ ਛਿੜਕਾਅ ਕਰਕੇ ਲੱਕੜ ਦੇ ਫੱਟੇ 'ਤੇ ਸੁੱਤੇ ਹੋਏ ਪੰਚਰ ਲਾਉਣ ਵਾਲੇ ਭਾਈ ਨੂੰ ਗਰਮੀ ਨਾਲ ਡੌਰ-ਭੌਰ ਜਾ ਹੋਇਆ ਬੰਦਾ ਚਾਬੀ ਦੀ ਨੋਕ ਨੂੰ ਸ਼ਟਰ 'ਤੇ ਮਾਰ ਟੱਕ-ਟੱਕ ਦੀ ਆਵਾਜ਼ ਨਾਲ ਜਗਾਉਂਦਾ ਹੈ। ਅੱਖਾਂ ਮਸਲ ਕੇ ਉਠਦੇ ਅੱਖੜ ਜੇ ਸੁਭਾਅ ਵਾਲੇ ਵਿਅਕਤੀ ਨੂੰ ਬਾਈ ਜੀ, ਬਾਈ ਜੀ ਕਰਦਿਆਂ ਦਾ ਮੂੰਹ ਥੱਕ ਜਾਂਦੈ। ਉਹ ਵੀ ਅੱਗੋਂ ਨਾਲ ਦੇ ਫੱਟੇ 'ਤੇ ਪਏ ਸਹਾਇਕ ਮੁੰਡੇ ਨੂੰ ਬੋਲ ਮਾਰ ਕੇ ਜਗਾਉਂਦੈ " ਬਚੀ ਓਏ, ਛੇਤੀ ਉੱਠ, ਬਥੇਰਾ ਸੌਂ ਲਿਆ ਜਾ ਪੰਚਰ ਲਾ ਦੇ" ਦੋਸਤੋ ਫੇਰ ਕਿਤੇ ਜਾ ਕੇ ਮਸਲੇ ਦਾ ਹੱਲ ਹੁੰਦਾ ਹੈ। ਅਜਿਹੀਆਂ ਜੀਅ ਅਕਾ ਦੇਣ ਵਾਲੀਆਂ ਘਟਨਾਵਾਂ ਰਾਹ-ਖਹਿੜੇ ਜਾਂਦੇ ਹੋਏ ਅਕਸਰ ਹੀ ਲੋਕਾਂ ਨਾਲ ਵਾਪਰ ਜਾਂਦੀਆਂ ਹਨ। ਮੋਟਰਸਾਈਕਲ ਹੋਵੇ ਜਾਂ 'ਗ੍ਰਹਿਸਥੀ ਜੀਵਨ' ਜਦੋਂ ਇੱਕ ਟਾਇਰ ਪੰਚਰ ਹੋ ਜਾਵੇ ਤਾਂ ਅੱਗੇ ਵਧਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਇੱਕ ਦੂਜੇ ਦੇ ਸਹਾਰੇ ਨਾਲ ਹੀ ਜ਼ਿੰਦਗੀ ਦਾ ਸਫ਼ਰ ਸੁਖਾਲ਼ਾ ਤੈਅ ਹੁੰਦਾ ਐ, ਰੱਬ ਨਾ ਕਰੇ ਕਿਸੇ ਨੂੰ ਇਹ ਦਿਨ ਦੇਖਣੇ ਪੈਣ।



ਮਾਨਸਾ ਆਲੇ ਬਾਈ ਪ੍ਰਕਾਸ ਜੈਲਦਾਰ ਦੀ ਬਿਜਲਈ ਕੰਧ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਕਾਪੀ ਕੀਤਾ




# ਖੰਡ ਦੀ ਚਾਹ ਬੱਸ ਆਏ ਗਏ ਨੂੰ ਹੀ ਮਿਲਦੀ ਸੀ

ਸਦੀਆਂ ਪਹਿਲਾਂ ਹੋਏ ਜੋ ਸਿਵਿਆਂ ਵਿੱਚ ਤਬਾਹ
ਹੁਣ ਵੀ ਆ ਕੇ ਰੋਕਦੇ ਅਕਸਰ ਮੇਰਾ ਰਾਹ
- (ਬਰਜਿੰਦਰ ਚੁਹਾਨ)

ਸਾਡੇ ਪੁਰਖਿਆਂ ਨੇ ਇੱਕ ਵੱਖਰੀ ਹੀ ਤਰਜ਼ੇ-ਜ਼ਿੰਦਗੀ ਦੀ ਪਿਰਤ ਪਾਈ ਸੀ ਜਿਸ ਵਿੱਚ ਠਰ੍ਹੱਮਾਂ, ਤਹੱਮਲ, ਜਿਰਾਂਦ ਅਤੇ ਸਬਰ ਸੰਤੋਖ ਜਿਹੇ ਸੰਦੇਸ਼ ਨਾਲ਼ ਪੁਰ-ਸਕੂਨ ਦਿਨ ਲੰਘਦੇ ਸਨ। ਇਨ੍ਹਾਂ ਸਭ ਸ਼ਬਦਾਂ ਦੇ ਅਰਥਾਂ ਨੂੰ ਹੁਣ ਦੀ ਭਗਦੜ ਨੇ ਅਸਲੋਂ ਹੀ ਬਦਲ ਧਰਿਆ ਹੈ। ਕਈ ਲੋਕ ਹੁਣ ਵੀ ਸਾਡੇ ਪੁਰਖਿਆਂ ਦੇ ਪਾਏ ਪੂਰਨਿਆਂ ਨੂੰ ਚੇਤੇ ਕਰਦੇ ਉਸ ਵੇਲ਼ੇ ਨੂੰ ਝੂਰਦੇ ਵੇਖੇ ਜਾ ਸਕਦੇ ਹਨ। ਤਰੱਕੀ ਦੇ ਇਸ ਦੌਰ ਨੇ ਜੀਵਨ ਦੀਆਂ ਕਈ ਪਰਤਾਂ ਵਿੱਚ ਅੱਗਾ ਦੌੜ ਵਾਲ਼ੀ ਨੀਤੀ ਅਪਣਾ ਕੇ ਕੀ ਪਾਇਆ ਤੇ ਕੀ ਗੰਵਾਇਆ ਜਿਹੇ ਸਵਾਲ ਨੂੰ ਘੱਟ ਗੌਲ਼ਿਆ ਹੈ। ਅੱਜ ਆਪਾਂ ਇਸ ਦੀਆਂ ਕੁੱਝ ਮਿਸਾਲਾਂ ਖਾਣੇ ਬਾਰੇ ਦੁਹਰਾ ਕੇ ਵੇਖਦੇ ਹਾਂ ਜਿਸ ਨਾਲ਼ ਇਸ ਦੇਹੀ ਨੂੰ ਕਈ ਅਲਾਮਤਾਂ ਆ ਚਿੰਬੜੀਆਂ ਹਨ। ਕੋਈ ਸਮਾਂ ਸੀ ਜਦੋਂ ਆਰਥਿਕ ਮੰਦਹਾਲੀ ਕਰ ਕੇ ਮੱਕੀ, ਜਵਾਰ, ਬਾਜਰੇ ਜਾਂ ਵੇਸਣ ਦੀ ਰੋਟੀ ਦਾ ਆਸਰਾ ਹੀ ਕਾਫ਼ੀ ਸੀ। ਕਣਕ ਦੀ ਰੋਟੀ ਆਏ ਹੋਏ ਮਹਿਮਾਨ ਨੂੰ ਹੀ ਮਸਾਂ ਪੁਗਦੀ ਸੀ। ਅੱਜ ਮਾਹਿਰ ਦਸਦੇ ਹਨ ਬੱਸ ਕਣਕ ਬਹੁਤ ਖਾ ਲੀ, ਇਸ ਨੂੰ ਬੰਦ ਕਰ ਕੇ ਹੋਰ ਜਿਨਸਾਂ ਵੱਲ ਧਿਆਨ ਕਰੋ। ਪਹਿਲਾਂ ਖੰਡ ਦੀ ਚਾਹ ਬੱਸ ਆਏ ਗਏ ਨੂੰ ਹੀ ਮਿਲਦੀ ਰਹੀ ਸੀ, ਹੁਣ ਡਾਕਟਰਾਂ ਵੱਲੋਂ ਖੰਡ ਤੋਂ ਤੋਬਾ ਕਰਨ ਦਾ ਹੋਕਾ ਹੈ। ਇੱਕ ਵਾਰੀ ਦੇਸੀ ਘਿਉ ਨੂੰ ਹਟਾ ਕੇ ਰੀਫਾਈਂਡ ਤੇਲ ਦਾ ਬੋਲਬਾਲਾ ਵੀ ਹੋ ਗਿਆ ਸੀ ਹੁਣ ਜਦ ਉਸ ਵਿੱਚਲੇ ਤੇਜ਼ਾਬੀ ਮਾਦੇ ਨੇ ਸਭ ਦੀਆਂ ਹੱਡੀਆਂ ਖੋਰ ਧਰੀਆਂ ਤਾਂ ਵਾਪਸ ਦੇਸੀ ਘਿਉ ਦੀ ਲੋੜ ਭਾਸਣ ਲੱਗੀ ਹੈ। ਪਹਿਲਾਂ ਪੈਸੇ ਦੀ ਕਮੀ ਕਰ ਕੇ ਮੋਟਰਸਾਈਕਲ ਜਾਂ ਕਾਰਾਂ ਦੀ ਥਾਂ ਪੈਦਲ ਹੀ ਪੈਂਡਾ ਸਰ ਕਰਦੇ ਸਨ । ਹੁਣ ਕਾਰਾਂ ਵਾਲ਼ੇ ਜਿੰਮ ਜਾ ਕੇ ਪੈਦਲ ਤੁਰਨ ਦਾ ਯਤਨ ਕਰਦੇ ਹਨ। ਪਹਿਲਾਂ ਮਿੱਟੀ ਦੇ ਘੜੇ ਵਿੱਚਲਾ ਪਾਣੀ ਇਸ ਦੇਹੀ ਦੀ ਤਾਸੀਰ ਨਾਲ਼ ਮੇਚਦਾ ਹੋਇਆ ਕਰਦਾ ਸੀ ਪਰ ਹੁਣ ਫਰਿੱਜ ਦੇ ਠੰਢੇ ਪਾਣੀ ਅਤੇ ਫਿਲਟਰ ਤੋਂ ਪ੍ਰਹੇਜ਼ ਕਰਨ ਦੀ ਸਲਾਹ ਪਰੋਸੀ ਜਾ ਰਹੀ ਹੈ। ਸਾਡੇ ਸੋਹਲ ਪਿੰਡਿਆਂ ਨੂੰ ਅੱਤ ਦੀ ਗਰਮੀ ਤੋਂ ਬਚਣ ਲਈ ਏ. ਸੀ. ਸਾਨੂੰ ਰਾਹਤ ਬਖ਼ਸ਼ਦਾ ਹੈ ਜੋ ਬੂਹਾ ਢੋਅ ਕੇ ਕੁਦਰਤੀ ਹਵਾ ਨੂੰ ਬਾਹਰ ਦੀ ਬਾਹਰ ਰਖਦਾ ਹੈ। ਮਾਹਿਰਾਂ ਅਨੁਸਾਰ ਕੁਦਰਤੀ ਹਵਾ ਵਿੱਚ ਆਕਸੀਜਨ ਹੋਣ ਕਰ ਕੇ ਸਾਹ ਲੈਣ ਨਾਲ਼ ਅਸੀਂ ਵਧੇਰੇ ਠੀਕ ਰਹਿੰਦੇ ਹਾਂ। ਵਿਗਿਆਨਕ ਕਾਢਾਂ ਨੇ ਖੇਤੀ ਨੂੰ ਵੱਖਰੀ ਨੁਹਾਰ ਦੇ ਕੇ ਸਾਰੀ ਧਰਤੀ ਹੀ ਦਵਾਈਆਂ ਨਾਲ਼ ਪਰੁੰਨ ਧਰੀ ਹੈ। ਹੁਣ ਅਸੀਂ ਵਾਪਸ ਜੈਵਿਕ (ਆਰਗੈਨਿਕ) ਖੇਤੀ ਵੱਲ ਮੋੜਾ ਕੱਟਣ ਦੀ ਰੁਚੀ ਰਖਦੇ ਹਾਂ।





Ambleton
A Qualico Community

ਆਖਿਰੀ ਫੇਸ ਛੇਤੀ ਆ ਰਿਹਾ ਹੈ !

ਉਮਰ ਭਰ ਰਹਿਣ ਵਾਲੀ ਜ਼ਿੰਦਗੀ ਇੱਥੋਂ ਸ਼ੁਰੂ ਹੁੰਦੀ ਹੈ


ਲੇਨਡ ਹੋਮ
FROM THE HIGH $500s


ਫਰੰਟ ਗੈਰਾਜ
FROM THE MID $700s

ਆਪਣੀ ਵਧੀ ਹੋਈ ਕੁਦਰਤੀ ਸੈਟਿੰਗ, ਵਿਲੱਖਣ ਥਾਵਾਂ ਅਤੇ ਦ੍ਰਿਸ਼ਾਂ ਦੇ ਨਾਲ, ਐਂਬਲਟਨ ਉੱਤਰੀ-ਪੱਛਮੀ ਕੈਲਗਰੀ ਦੇ ਸਭ ਤੋਂ ਵਧੀਆ ਦ੍ਰਿਸ਼ਾਂ ਨੂੰ ਦਰਸਾਉਂਦਾ ਹੈ। ਖੇਡ ਦੇ ਖੇਤਰ, ਅਤੇ ਸਥਾਨਕ ਅਤੇ ਖੇਤਰੀ ਮਾਰਗ ਨੈੱਟਵਰਕ ਭਾਈਚਾਰੇ ਦੀ ਪੜਚੋਲ ਕਰਨਾ ਆਸਾਨ ਬਣਾਉਂਦੇ ਹਨ। ਨੇੜੇ-ਤੇੜੇ ਕਾਫ਼ੀ ਪ੍ਰਚੂਨ ਅਤੇ ਸਕੂਲਾਂ, ਅਤੇ ਭਵਿੱਖ ਦੀ ਹਾਈ ਸਕੂਲ ਸਾਈਟ ਦੇ ਨਾਲ, ਐਂਬਲਟਨ ਵਿੱਚ ਉਹ ਸਭ ਕੁੱਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ।

ਆਖਿਰੀ ਫੇਸ ਕਦੋਂ ਰਿਲੀਜ਼ ਹੁੰਦਾ ਹੈ
ਇਹ ਜਾਣਨ ਵਾਲੇ ਪਹਿਲੇ ਵਿਅਕਤੀ ਬਣਨ ਲਈ ਰਜਿਸਟਰ ਕਰੋ।

liveinambleton.com

WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.

QUALICO communities



# Bains Vision Centre

ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।

ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ



Dr.Jaswinder S Bains
Ph.D., OD.

Tel: 403-274-4514
Fax: 403-274-4680
5218 Falsbridge Dr NE Calgary AB T3J 3G1



Advice from someone you trust.

Sun Life

Life's brighter under the sun

Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.



# Sidhu Accounting & Financial Services



Accounting Services
Personal Tax Returns
- Corporate Tax Returns
- Computerized Bookkeeping
- T4's
- Record of Employment

Financial Services
- RRSP
- Life Insurance
  Term Life
  Universal Life
- Critical Illness Insurance
- Segregated Funds

IQBAL SIDHU
(403) 568-2667

ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।

#202, 4656 Weswinds Drive NE. Calgary AB T3J 3Z5



# Asia Pacific Immigration Consulting Ltd.

ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ



ਇਮੀਗ੍ਰੇਸ਼ਨ ਸੇਵਾਵਾਂ
- ਮਾਪਿਆਂ ਲਈ ਸੁਪਰ ਵੀਜ਼ਾ
- ਪਰਿਵਾਰਕ ਸਪਾਂਸਰਸ਼ਿਪ
- ਐਲ ਐਮ ਓ ਐਪਲੀਕੇਸ਼ਨ
- ਵਰਕ ਪਰਮਿਟ
- ਰੱਦ ਕੀਤੇ ਕੇਸਾਂ ਵਾਸਤੇ ਅਪੀਲ

Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001

iccrc crcic

Call for an appointment
403-225-1111
Toll Free 1-855-723-0001

Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca



# Delta-A Stucco Ltd.

All Types of Stucco Work
Specialist in : Acrylic and Texture Acrylic

Quality Workmanship
Ajmer Garcha
Free Estimate

81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com



NORTHEAST AUTOMOTIVE

Bring your vehicle into NorthEast Automotive and be on smoother, stress free roads



First Choice for Engine Repair

Contact:
DEEP
4205-17 Ave SE
Calgary (AB)

ਆਪਣੀ ਕਾਰ ਦੀ ਤਸੱਲੀਬਖ਼ਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।

Fax: 403 313 9993
Email: deep@neauto.ca

www.neauto.ca Ph. 403-263-1000, 403-250-7038

## ਡਾਕਟਰ ਬਲਵਿੰਦਰ ਕੌਰ ਬਰਾੜ ਦੀ ਕਿਤਾਬ

# ‘‘ਉਹ ਵੇਲਾ ਯਾਦ ਕਰ’’

## ਅਦਾਰਾ ਪੰਜਾਬੀ ਅਖ਼ਬਾਰ ਵੱਲੋਂ ਲੋਕ ਅਰਪਣ ਕੀਤੀ ਗਈ


















































ਕੈਲਗਰੀ- ਬੀਤੀ 14 ਜੂਨ 2025 ਦੀ ਬਾਅਦ ਦੁਪਹਿਰ ਇੰਡੀਅਨ ਐਕਸ ਸਰਵਿਸਮੈਨ ਇਮੀਗਰਾਂਟ ਐਸੋਸੀਏਸ਼ਨ ਦੇ ਵੱਡ ਅਕਾਰੀ ਹਾਲ ਵਿਚ ਪੰਜਾਬੀ ਅਖਬਾਰ ਦੇ ਮੁੱਖ ਸੰਪਾਦਕ ਹਰਬੰਸ ਬੁੱਟਰ ਦੇ ਸੱਦੇ ਉੱਪਰ ਡਾਕਟਰ ਬਲਵਿੰਦਰ ਕੌਰ ਬਰਾੜ ਦੀ 19ਵੀਂ ਪੁਸਤਕ “ਉਹ ਵੇਲਾ ਯਾਦ ਕਰ” ਦੇ ਲੋਕ ਅਰਪਣ ਸਮਰੋਹ ਦਾ ਆਯੋਜਨ ਕੀਤਾ ਗਿਆ । ਆਪਣੀ ਸੀਮਾ ਤੋਂ ਵੀ ਵੱਧ ਇਸ ਭਰੇ ਭਕੰਨੇ ਹਾਲ ਵਿਚ ਮੈਡਮ ਬਰਾੜ ਦੇ ਪੰਜਾਬੀ ਅਖ਼ਬਾਰ ਵਿੱਚ ਪਿਛਲੇ 5 ਸਾਲਾਂ ਤੋਂ ਲਗਾਤਾਰ ਛਪਦੇ ਆ ਰਹੇ ਕਾਲਮ “ਉਹ ਵੇਲਾ ਯਾਦ ਕਰ” ਜ਼ਰੀਏ ਲਿਖਤਾਂ ਨੂੰ ਪੜ੍ਹਨ ਵਾਲੇ, ਵਿਚਾਰਾਂ ਦੇ ਚਾਹੁੰਣ ਵਾਲੇ ਸਰੋਤੇ, ਪਰਿਵਾਰਿਕ ਮੈਂਬਰ, ਸਾਬਕਾ ਵਿਦਿਆਰਥੀ ਅਤੇ ਵਿਸ਼ੇਸ਼ ਤੌਰ ਤੇ ਔਰਤਾਂ ਦਾ ਇਕੱਠ ਦੇਖਣ ਨੂੰ ਮਿਲਿਆ। ਪ੍ਰਬੰਧਕੀ ਟੀਮ ਵੱਲੋਂ ਸਮੂਹ ਹਾਜ਼ਰੀਨ ਲਈ ਪਕੌੜੇ,ਚਾਹ ਪਾਣੀ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ ਸੀ ਜਿਸ ਦਾ ਆਨੰਦ ਮਾਨਣ ਉਪਰੰਤ ਦਰਸ਼ਕ ਆਪੋ ਆਪਣੀਆਂ ਸੀਟਾਂ ਉੱਪਰ ਬਿਰਾਜਮਾਨ ਹੋ ਗਏ।

ਸਮਾਗਮ ਦੀ ਸ਼ੁਰੂਆਤ ਕਰਦੇ ਹੋਏ ਪ੍ਰੋਫੈਸਰ ਮੁਖਤਿਆਰ ਸਿੰਘ ਬੱਡੂਵਾਲੀਆ ਨੇ ਸਮੂਹ ਹਾਜ਼ਰੀਨ ਨੂੰ ਜੀ ਆਇਆ ਕਹਿਣ ਦੇ ਨਾਲ ਨਾਲ ਅੱਜ ਦੀ ਇਸ ਬੈਠਕ ਦਾ ਮਕਸਦ ਸਾਂਝਾ ਕੀਤਾ ਅਤੇ ਬੁਲਾਰਿਆਂ ਨੂੰ ਕਰਮਵਾਰ ਸਰੋਤੇ ਦਰਸ਼ਕਾਂ ਦੇ ਰੂਬਰੂ ਕੀਤਾ। ਮੀਟਿੰਗ ਦੇ ਪਹਿਲੇ ਬੁਲਾਰੇ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਬੁੱਟਰ ਵੱਲੋਂ ਮੈਡਮ ਬਰਾੜ ਨਾਲ ਤਕਰੀਬਨ ਪੰਜ ਸਾਲ ਪਹਿਲਾਂ ਪੰਜਾਬੀ ਅਖ਼ਬਾਰ ਲਈ ਕਾਲਮ ਲਿਖਣ ਅਤੇ ਇਸ ਦਾ ਸਿਰਲੇਖ ਰੱਖਣ ਬਾਰੇ ਸਾਂਝ ਪਾਈ। ਹਰਬੰਸ ਬੁੱਟਰ ਨੇ ਦੱਸਿਆ ਕਿ ਮੈਡਮ ਬਰਾੜ ਨੇ ਹੁਣ ਤੱਕ ਇਸ ਕਾਲਮ ਦੀਆਂ ਤਕਰੀਬਨ 111 ਕਿਸਤਾਂ ਲਿਖੀਆਂ ਹਨ ਪਰ ਵਿੱਚ ਵਿਚਕਾਰ ਕਈ ਵਾਰ ਕਿਸੇ ਕਾਰਣ ਪੁਰਾਣੀਆਂ ਕਿਸਤਾਂ ਵੀ ਛਾਪਣੀਆਂ ਪਈਆਂ ਸਨ ਜਿਸ ਹਿਸਾਬ ਨਾਲ ਹੁਣ ਤੱਕ 120 ਦੇ ਕਰੀਬ ਕਾਲਮ ਛਪ ਚੁੱਕੇ ਹਨ। ਮੈਡਮ ਬਰਾੜ ਵੱਲੋਂ “ਉਹ ਵੇਲਾ ਯਾਦ ਕਰ” ਅਧੀਨ ਹਰ ਦੋ ਹਫਤੇ ਬਾਅਦ ਆਪਣੇ ਜੀਵਨ ਤਜਰਬੇ, ਯਾਦ ਸ਼ਕਤੀ, ਸੂਖਮ ਸੂਝ ਰਾਹੀਂ ਲਿਖ ਕੇ ਆਪਣੇ ਸਹਿਯੋਗੀ ਸਰਦਾਰ ਜਗਦੇਵ ਸਿੰਘ ਸਿੱਧੂ ਤੋਂ ਟਾਈਪ ਕਰਵਾ ਕੇ ਪੰਜਾਬੀ ਅਖ਼ਬਾਰ ਵਿੱਚ ਛਪਾਉਂਦੇ ਆ ਰਹੇ ਹਨ, ਜਿਹਨਾਂ ਵਿੱਚੋਂ ਜੋ ਹੁਣ ਤੱਕ ਲਿਖੇ ਕਾਲਮਾਂ ਵਿੱਚੋਂ ਇਸ ਪੁਸਤਕ ਵਿੱਚ 76 ਕਾਲਮ ਇਸ ਕਿਤਾਬ ਦੇ ਰੂਪ ਵਿੱਚ ਪਾਠਕਾਂ ਦੇ ਰੂਬਰੂ ਹਨ। ਪ੍ਰਾਇਮ ਏਸ਼ੀਆ ਟੈਲੀਵਿਜ਼ਨ ਦੇ ਪਰਮਬੀਰ ਬਾਠ ਨੇ ਮੈਡਮ ਬਰਾੜ ਦੀ ਸ਼ਖਸ਼ੀਅਤ ਬਾਰੇ ਸਾਂਝ ਪਾਈ ਅਤੇ ਆਮ ਜ਼ਿੰਦਗੀ ਵਿਚ ਸੈਲ ਫੋਨਾਂ ਨੂੰ ਛੱਡਕੇ ਕਿਤਾਬੀ ਕਲਚਰ ਵੱਲ ਆਉਣ ਦੀ ਬੇਨਤੀ ਕੀਤੀ। ਡਾਕਟਰ ਹਰਭਜਨ ਢਿੱਲੋ ਨੇ ਇਸ ਪੁਸਤਕ ਵਿੱਚ ਅੰਕਿਤ ਕਾਲਮਾ ਬਾਰੇ ਅਤੇ ਸਮੇਂ ਦੀ ਸਹੀ ਵਰਤੋਂ ਸੁਝਾਅ ਦਿੰਦਿਆਂ ਕਿਹਾ ਕਿ ਸਾਨੂੰ ਉਹ ਕਾਰਣ ਲੱਭਣੇ ਚਾਹੀਦੇ ਹਨ ਜਿਹਨਾਂ ਕਾਰਣ ਇਸ ਕਿਤਾਬ ਵਿਚਲੀਆਂ ਗੱਲਾਂ ਤਾਂ ਸਾਨੂੰ ਪਤਾ ਸੀ ਪਰ ਅਸੀਂ ਉਸ ਉੱਪਰ ਅਮਲ ਨਹੀਂ ਕੀਤਾ ਸੀ। ਮਾਸਟਰ ਬਚਿੱਤਰ ਸਿੰਘ ਗਿੱਲ ਵੱਲੋਂ ਆਪਣੀ ਟੁਣਕਵੀ ਆਵਾਜ਼ ਰਾਹੀਂ ਸਵਰਗੀ ਕਰਨੈਲ ਸਿੰਘ ਪਾਰਸ ਦੀ ਰਚਨਾ “ਦੱਸੋ ਮੈਂ ਦੁਖਿਆਰੀ ਲੋਕੋ ਹੁਣ ਕਿਧਰ ਨੂੰ ਜਾਵਾਂ” ਸਾਂਝੀ ਕੀਤੀ ਅਤੇ ਡਾਕਟਰ ਬਰਾੜ ਵੱਲੋਂ ਸੁਝਾਏ ਜਾਂਦੇ ਸੁਝਾਵਾਂ ਕਾਰਣ ਮੁੜ ਵਸੇ ਪਰਿਵਾਰਾਂ ਦੀਆਂ ਉਦਾਹਰਣਾਂ ਵੀ ਦਿੱਤੀਆਂ।

ਕਿਤਾਬ ਰਿਲੀਜ਼ ਸਮਾਰੋਹ ਦੀ ਯਾਦਗਾਰੀ ਫੋਟੋ ਕਰਵਾਉਣ ਮੌਕੇ ਮੈਡਮ ਬਰਾੜ, ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਅਤੇ ਅੱਜ ਦੇ ਇਸ ਸਮਾਗਮ ਦੇ ਆਯੋਜਿਕ ਹਰਬੰਸ ਬੁੱਟਰ, ਪਰਾਈਮ ਏਸ਼ੀਆ ਟੀ ਵੀ ਤੋਂ ਪਰਮਵੀਰ ਬਾਠ, ਡਾਕਟਰ ਹਰਭਜਨ ਢਿੱਲੋਂ, ਪ੍ਰੋਫੈਸਰ ਮੁਖਤਿਆਰ ਬੱਡੂਵਾਲੀਆ, ਗੁਰਿੰਦਰ ਬਰਾੜ ਐਮ ਐਲ ਏ, ਮੈਡਮ ਕਿਰਨ ਰੰਧਾਵਾ ਡਿਪਟੀ ਮੇਅਰ ਚੈਸਟਰਮੀਅਰ, ਅਜੈਬ ਸਿੰਘ ਨਾਹਲ, ਰੇਡੀਓ ਰੈਡ ਐਫ ਐਮ ਤੋਂ ਗੁਰਪ੍ਰੀਤ ਕੌਰ ਤੋਂ ਇਲਾਵਾ ਪਰਿਵਾਰਕ ਮੈਂਬਰ ਤੇ ਕੁੱਝ ਹੋਰ ਵਿਸ਼ੇਸ਼ ਸ਼ਖਸੀਅਤਾਂ ਵੱਲੋਂ “ਉਹ ਵੇਲਾ ਯਾਦ ਕਰ” ਪੰਜਾਬੀ ਪੁਸਤਕ ਪਾਠਕਾਂ ਨੂੰ ਸਮਰਪਿਤ ਕੀਤੀ ਗਈ। ਇਸ ਮੌਕੇ ਹਾਜ਼ਰੀਨ ਵੱਲੋਂ ਤਾੜੀਆਂ ਦੀ ਗੂੰਜ ਨਾਲ ਪੁਸਤਕ ਦਾ ਸਵਾਗਤ ਕੀਤਾ ਗਿਆ। ਜਗਦੇਵ ਸਿੰਘ ਸਿੱਧੂ ਨੇ ਇਸ ਕਿਤਾਬ ਵਿਚਲੀਆਂ ਟੂਕਾਂ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਡਾਕਟਰ ਬਰਾੜ ਦੀਆਂ ਲਿਖਤਾਂ ਵਿੱਚ ਸਾਡੇ ਆਲੋਪ ਹੋ ਰਹੇ ਸ਼ਬਦਾਂ ਦੇ ਝਲਕੋਰੇ ਪੈਂਦੇ ਹਨ। ਚੈਸਟਰਮੀਅਰ ਦੀ ਡਿਪਟੀ ਮੇਅਰ ਸ੍ਰੀਮਤੀ ਕਿਰਨ ਰੰਧਾਵਾ ਨੇ ਮੈਡਮ ਬਰਾੜ ਦੀਆਂ ਲਿਖਤਾਂ ਦੀ ਸਲਾਂਘਾ ਕੀਤੀ। ਕੈਲਗਰੀ ਵਸਦੀ ਮੈਡਮ ਬਰਾੜ ਦੀ ਵਿਦਿਆਰਥਣ ਡਾਕਟਰ ਸਰਬਜੀਤ ਕੌਰ ਜਵੰਧਾ, ਮੈਡਮ ਬਰਾੜ ਦੇ ਪੰਜਾਬੀ ਯੂਨੀਵਰਸਿਟੀ ਦੇ ਪੁਰਾਣੇ ਵਿਦਿਆਰਥੀ ਸੁਖਜੀਤ ਸੁੱਖੀ, ਕੈਲਗਰੀ ਗਿੱਧਾ ਐਂਡ ਡਾਂਸ ਅਕੈਡਮੀ ਦੀ ਸੰਚਾਲਕ ਅਤੇ ਸ਼ੋਸਲ ਮੀਡੀਆ ਹੋਸਟ ਪਰੋ ਪੰਜਾਬੀ ਵਾਈਵਜ਼ ਨਰਿੰਦਰ ਗਿੱਲ, ਗੁਰਿੰਦਰ ਬਰਾੜ ਐਮ ਐਲ ਏ, ਰੇਡੀ? ਰੈਡ ਐਫ ਐਮ ਕੈਲਗਰੀ ਦੀ ਹੋਸਟ ਗੁਰਪ੍ਰੀਤ ਕੌਰ, ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਜਿਸਦੇ ਡਾਕਟਰ ਬਰਾੜ ਪ੍ਰਧਾਨ ਵੀ ਹਨ, ਵੱਲੋਂ ਸ਼੍ਰੀਮਤੀ ਗੁਰਦੀਸ਼ ਕੌਰ ਗਰੇਵਾਲ ਨੇ ਮੈਡਮ ਨੂੰ ਵਧਾਈਆਂ ਦਿੱਤੀਆਂ। ਅੰਤ ਵਿੱਚ ਮੰਚ ਸੰਚਾਲਨ ਪ੍ਰੋਫੈਸਰ ਬੱਡੂਆਲੀਆ ਦੇ ਸੱਦੇ ‘ਤੇ ਡਾ: ਗੁਰਵਿੰਦਰ ਕੌਰ ਬਰਾੜ ਨੇ ਸਮਾਗਮ ਆਯੋਜਨ ਕਰਨ ਵਾਲੇ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਬੁੱਟਰ ਅਤੇ ਹੋਰ ਦੂਰੋਂ ਨੇੜਿ?ਂ ਇਸ ਸਮਾਗਮ ਵਿੱਚ ਪਹੁੰਚੇ ਹਾਜ਼ਰੀਨ ਦਾ ਹਾਰਦਿਕ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਕੈਲਗਰੀ ਨੇ ਮੈਨੂੰ ਮਾਂ ਵਾਂਗ ਆਪਣੇ ਕਲਾਵੇ ਵਿੱਚ ਲੈ ਲਿਆ ਹੈ। ਪਾਠਕਾਂ ਦੇ ਫੋਨ ਕਾਲ ਜ਼ਰੀਏ ਮਿਲਦੇ ਹੌਸਲਾਮਈ ਸੁਨੇਹੇ ਮੈਨੂੰ ਹੋਰ ਲਿਖਣ ਲਈ ਉਤਸਾਹਿਤ ਕਰਦੇ ਹਨ। ਸਮਾਗਮ ਦੀ ਰੂਪ ਰੇਖਾ ਅਤੇ ਇਸ ਨੂੰ ਸਮੇਂ ਸਿਰ ਸੁਰੂ ਕਰਨ ਅਤੇ ਸਮੇਂ ਦੀ ਪਾਬੰਦੀ ਦਾ ਖਿਆਲ ਰੱਖਦਿਆਂ ਸ਼ਬਦ ਸਾਂਝ ਕੈਲਗਰੀ ਦੇ ਜਨਰਲ ਸਕੱਤਰ ਮੁਖੀਤਆਰ ਸਿੰਘ ਬੱਡੂਵਾਲੀਆ ਨੇ ਸਟੇਜ ਸੰਚਾਲਨ ਬਾਖੂਬੀ ਨਿਭਾਇਆ। ਸੁਨਹਿਰੀ ਵਰਕੇ ਕਿਤਾਬ ਘਰ ਵਾਲਿਆਂ ਵੱਲੋਂ ਸਿਕੰਦਰ ਸਿੰਘ ਦੀ ਦੇਖਰੇਖ ਹੇਠ ਲਗਾਏ ਗਏ ਪੁਸਤਕਾਂ ਦੇ ਸਟਾਲ ਉਪਰੋਂ ਵੱਡੀ ਗਿਣਤੀ ਵਿੱਚ ਹਾਜ਼ਰੀਨ ਨੇ ਡਾਕਟਰ ਬਲਵਿੰਦਰ ਕੌਰ ਦੀ ਇਹ ਕਿਤਾਬ ਅਤੇ ਹੋਰ ਬਹੁਤ ਸਾਰੀਆਂ ਕਿਤਾਬਾਂ ਖਰੀਦੀਆਂ। ਵਰਨਣਯੋਗ ਹੈ ਕਿ ਇਸ ਕਿਤਾਬ ਦੀ ਵਿਕਰੀ ਤੋਂ ਇਕੱਠੇ ਹੋਏ ਸਾਰੇ ਡਾਲਰ ਮਨੁੱਖਤਾ ਦੀ ਸੇਵਾ ਵਾਲੇ ਫੰਡ ਵਿੱਚ ਹੀ ਪਾਏ ਜਾਣਗੇ।

ਥੋੜੀ ਥੋੜੀ ਗੁਫਤਗੂ ਦੋਸਤੋ ਜੇ ਕਰਦੇ ਰਹੀਏ
ਜਾਲੇ ਲੱਗ ਜਾਤੇ ਹੈ ਅਕਸਰ ਬੰਦ ਮਕਾਨੋ ਮੇ -ਗੁਲਜਾਰ

ਪੰਜਾਬੀ ਸਾਹਿਤ ਨਾਲ ਮੱਸ ਰੱਖਣ ਵਾਲੇ ਪੰਜਾਬ, ਕੈਲਗਰੀ ਸ਼ਹਿਰ ਜਾਂ ਵਿਸ਼ਵ ਦੇ ਹਰ ਕੋਨੇ ਵਿੱਚ ਵਸਣ ਵਾਲਾ ਸ਼ਾਇਦ ਹੀ ਕੋਈ ਅਜਿਹਾ ਪੰਜਾਬੀ ਹੋਵੇ ਜੋ ਸ੍ਰੀਮਤੀ ਡਾਕਟਰ ਬਲਵਿੰਦਰ ਕੌਰ ਬਰਾੜ ਦੇ ਨਾਮ ਤੋਂ ਵਾਕਿਫ ਨਾ ਹੋਵੇ। ਜਿੰਨਾ ਨੇ ਲੰਬਾ ਸਮਾਂ ਯੂਨੀਵਰਸਿਟੀ ਪਟਿਆਲਾ ਵਿੱਚ ਪੰਜਾਬੀ ਭਾਸ਼ਾ ਨੂੰ ਪੜ੍ਹਾਇਆ ਅਤੇ ਆਪਣੇ ਵਿਦਿਆਰਥੀਆਂ ਨਾਲ ਅਜਿਹੀ ਸਾਂਝ ਕਾਇਮ ਕੀਤੀ ਜੋ ਅੱਜ ਤੱਕ ਬਰਕਰਾਰ ਹੈ ਅਤੇ ਇੰਜ ਲੱਗਦਾ ਹੈ ਕਿ ਇਹ ਸਦੀਵੀ ਬਰਕਰਾਰ ਰਹੇਗੀ। ਪਿਛਲੇ ਡੇਢ ਦਹਾਕੇ ਤੋਂ ਵੀ ਜਿਆਦਾ ਸਮਾਂ ਆਪਣੀ ਸੇਵਾ ਮੁਕਤੀ ਉਪਰੰਤ ਮੈਡਮ ਬਰਾੜ ਕੈਲਗਰੀ ਸ਼ਹਿਰ ਦੇ ਵਾਸੀ ਹਨ ਅਤੇ ਆਪਣੀਆਂ ਡੇਢ ਦਰਜਨ ਤੋਂ ਜਿਆਦਾ ਵਨ ਸਵੰਨੇ ਰੰਗਾਂ ਵਾਲੀਆਂ ਪੁਸਤਕਾਂ ਰਾਹੀਂ ਆਪਣੇ ਪਾਠਕਾਂ ਦੇ ਮਨਾਂ ਵਿੱਚ ਘਰ ਕੀਤਾ ਹੋਇਆ ਹੈ। ਇੱਕ ਵਿਲੱਖਣ ਸ਼ਖਸ਼ੀਅਤ ਵਾਲੀ ਇੱਕ ਵਧੀਆ ਕਲਮਕਾਰਾ ਦੇ ਨਾਲ ਨਾਲ ਇੱਕ ਧਾਕੜ ਬੁਲਾਰੇ ਵੀ ਹਨ। ਵਿਸ਼ਵ ਦੇ ਉੱਨਤ ਦੇਸ਼ਾਂ ਵਿੱਚ ਵੱਸਦੇ ਆਪਣੇ ਪਿਆਰੇ ਵਿਦਿਆਰਥੀਆਂ ਦੇ ਸੱਦੇ ਤੇ ਉਹ ਬਹੁਤ ਸਾਰੇ ਦੇਸ਼ਾਂ ਵਿੱਚ ਭਰਮਣ ਕਰਦੇ ਹੋਏ ਆਪਣੇ ਵਿਦਿਆਰਥੀਆਂ ਤੋਂ ਇਲਾਵਾ ਉੱਥੇ ਵਸਦੇ ਪੰਜਾਬੀਆਂ ਨਾਲ ਆਪਣੀ ਸਾਂਝ ਪਰਪੱਕ ਕਰਦੇ ਰਹਿੰਦੇ ਹਨ। ਡਾਕਟਰ ਬਰਾੜ ਆਪਣੀ ਵਿਦਵਤਾ ਅਤੇ ਮੋਹ ਭਰਪੂਰ ਵਿਚਾਰਾਂ ਜਰੀਏ ਲੋਕ ਮਨਾਂ ਵਿੱਚ ਆਪਣਾ ਅਕਸ ਪਰਪੱਕ ਕਰ ਦਿੰਦੇ ਹਨ। ਪਹਿਲਾਂ ਉਹਨਾਂ ਦੀਆਂ ਸਾਹਿਤ ਸਿਰਜਣਾ ਅਤੇ ਹੁਣ ਸੋਸ਼ਲ ਮੀਡੀਆ ਉੱਪਰ ਸਰੋਤ ਜਰੀਏ ਸੈਂਕੜੇ ਹੀ ਨੌਜਵਾਨ ਪੰਜਾਬੀ ਕੁੜੀਆਂ ਮੈਡਮ ਬਰਾੜ ਨਾਲ ਆਪਣੇ ਦੁੱਖ ਸੁੱਖ ਫਰੋਲਦੀਆਂ ਹਨ ਜਿਨਾਂ ਦਾ ਸਾਰਥਕ ਹੱਲ ਮੈਡਮ ਬਰਾੜ ਸਝਾਉਂਦੇ ਹਨ। ਉਹ ਵੇਲਾ ਯਾਦ ਕਰ ਦੇ ਇਸ ਯਾਦਗਾਰੀ ਲੋਕ ਅਰਪਣ ਸਮਾਰੋਹ ਮੌਕੇ ਡਾਕਟਰ ਬਲਵਿੰਦਰ ਕੌਰ ਬਰਾੜ ਨੂੰ ਬਹੁਤ ਬਹੁਤ ਵਧਾਈਆਂ।



ਚੰਦ ਸਿੰਘ ਸਦਿਓੜਾ
(ਕੈਲਗਰੀ)

# ਦਸ਼ਮੇਸ਼ ਕਲਚਰ ਸੀਨੀਅਰ ਸਿਟੀਜਨ ਸੋਸਾਇਟੀ ਕੈਲਗਰੀ ਵਾਲੇ ਡਾਇਨੋਸਾਰਾਂ ਦੇ ਪਿੰਜਰ ਵੇਖਣ ਗਏ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ ) ਬੀਤੇ ਦਿਨੀ ਕੈਲਗਰੀ ਵਿਖੇ ਸਥਾਪਤ ਬਜ਼ੁਰਗਾਂ ਦੀ ਸਭ ਤੋਂ ਵੱਡੀ ਸੰਸਥਾ ਦਸਮੇਸ਼ ਕਲਚਰ ਸੀਨੀਅਰ ਸਿਟੀਜਨ ਸੋਸਾਇਟੀ ਵਾਲੇ ਆਪਣੇ ਗਰਮੀ ਮਹੀਨੇ ਦੇ ਘੁੰਮਣ ਫਿਰਨ ਦੇ ਟਰਿੱਪ ਦੌਰਾਨ ਡਰਮ ਹਿਲਰ ਦਾ ਟੂਰ ਲਗਾਉਣ ਗਏ। ਸਵੇਰੇ ਇੱਕ ਬਸ ਰਾਹੀਂ ਸਵਾਰ ਹੋ ਕੇ ਸੰਸਥਾ ਦੇ ਤਕਰੀਬਨ 48 ਦੇ ਕਰੀਬ ਮੈਂਬਰ, ਆਪਣਾ ਪੂਰੇ ਦਿਨ ਦਾ ਖਾਣ ਪੀਣ ਦਾ ਸਮਾਨ ਬਕਸਿਆਂ ਵਿੱਚ ਪੈਕ ਕਰਕੇ ਰਵਾਨਾ ਹੋਏ। 11 ਕੁ ਵਜੇ ਦੇ ਕਰੀਬ ਉਹ ਡਰੱਮਹਿਲਰ ਜਿੱਥੇ ਕਿ ਖੁਦਾਈ ਦੌਰਾਨ ਡਾਇਨੋਸਾਰਾਂ ਦੇ ਪਿੰਜਰ ਲੱਭ ਕੇ ਉਹਨਾਂ ਨੂੰ ਮਿਊਜੀਅਮ ਦੇ ਵਿੱਚ ਰੱਖਿਆ ਗਿਆ ਹੈ, ਉਸ ਜਗ੍ਹਾ ਪਹੁੰਚ ਗਏ। ਦੁਪਹਿਰ ਦੇ ਖਾਣੇ ਦੇ ਸਮੇਂ ਸਾਰਿਆਂ ਨੇ ਮਿਲ ਕੇ ਖਾਣਾ ਖਾਦਾ ਅਤੇ ਪੂਰਾ ਦਿਨ ਘੁੰਮਦੇ ਘੁਮਾਉਂਦੇ ਸ਼ਾਮ ਨੂੰ 5 ਵਜੇ ਦੇ ਕਰੀਬ ਉਹ ਵਾਪਸ ਕੈਲਗਰੀ ਪੁੱਜ ਗਏ।ਇਸ ਟੂਰ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਪ੍ਰਧਾਨ ਸਰਦਾਰ ਵਰਿੰਦਰਜੀਤ ਸਿੰਘ ਭੱਟੀ ਨੇ ਪੰਜਾਬੀ ਅਖਬਾਰ ਨਾਲ ਗੱਲ ਕਰਦਿਆਂ ਦੱਸਿਆ ਕਿ ਇਹ ਸੰਸਥਾ ਦੁਆਰਾ ਬਜ਼ੁਰਗਾਂ ਦੇ ਲਈ ਉਪਰਾਲੇ ਕੀਤੇ ਜਾਂਦੇ ਹਨ ਕਿ ਉਹ ਘਰਾਂ ਦੇ ਅੰਦਰ ਬੰਦ ਹੋ ਕੇ ਨਾ ਰਹਿ ਜਾਣ ਇਸ ਲਈ ਉਹਨਾਂ ਨੂੰ ਬਾਹਰ ਘੁੰਮਣ ਫਿਰਨ ਦੇ ਲਈ ਹਰ ਸਾਲ ਅਜਿਹੇ ਪ੍ਰੋਗਰਾਮ ਉਲੀਕੇ ਜਾਂਦੇ ਹਨ।

# ਮੋਦੀ ਨੇ ਏਅਰ ਇੰਡੀਆ ਹਾਦਸੇ ਵਿੱਚੋਂ ਬਚੇ ਇਕਲੌਤੇ ਸਵਾਰ ਰਮੇਸ਼ ਕੁਮਾਰ ਦਾ ਹਾਲ ਚਾਲ ਪੁੱਛਿਆ

ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ) ਅਹਿਮਦਾਬਾਦ ਜਹਾਜ਼ ਹਾਦਸੇ ਵਿੱਚ ਬਚੇ ਇਕਲੌਤੇ ਯਾਤਰੀ ਰਮੇਸ਼ ਵਿਸ਼ਵਾਸ ਕੁਮਾਰ ਨੇ ਕਿਹਾ ਕਿ ਮੈਨੂੰ ਵਿਸ਼ਵਾਸ ਨਹੀਂ ਹੋ ਰਿਹਾ ਕਿ ਮੈਂ ਜ਼ਿੰਦਾ ਕਿਵੇਂ ਬਾਹਰ ਆ ਗਿਆ। ਹੋ ਸਕਦਾ ਹੈ ਕਿ ਦਰਵਾਜ਼ਾ ਟੁੱਟ ਗਿਆ ਹੋਵੇ ਅਤੇ ਮੈਂ ਸੀਟ ਸਮੇਤ ਡਿੱਗ ਪਿਆ। ਮੈਨੂੰ ਕੁੱਝ ਯਾਦ ਨਹੀਂ ਸੀ। ਰਮੇਸ਼ ਕੁਮਾਰ ਅਹਿਮਦਾਬਾਦ ਸਿਵਲ ਹਸਪਤਾਲ ਵਿੱਚ ਦਾਖਲ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਨ੍ਹਾਂ ਨੂੰ ਮਿਲੇ ਅਤੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ। ਦੋਵਾਂ ਨੇ ਲਗਭਗ 10 ਮਿੰਟ ਗੱਲ ਕੀਤੀ। ਇਸ ਤੋਂ ਬਾਅਦ, ਰਮੇਸ਼ ਨੇ ਗੱਲਬਾਤ ਵਿੱਚ ਕਿਹਾ, ਪ੍ਰਧਾਨ ਮੰਤਰੀ ਨੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ ਅਤੇ ਪੁੱਛਿਆ ਕਿ ਹਾਦਸਾ ਕਿਵੇਂ ਹੋਇਆ। ਰਮੇਸ਼ ਜਹਾਜ਼ ਦੀ ਸੀਟ 11ਏ 'ਤੇ ਬੈਠਾ ਸੀ। ਹਾਦਸੇ ਤੋਂ ਬਾਅਦ, ਉਹ ਖੁਦ ਹਾਦਸੇ ਵਾਲੀ ਥਾਂ ਤੋਂ ਬਾਹਰ ਨਿਕਲ ਗਿਆ।

# ਬਜੁਰਗ ਨੂੰ ਮਾਰਨ ਵਾਲੇ 15 ਸਾਲਾ ਲੜਕੇ ਨੂੰ ਸਜਾ ਸੁਣਾਈ

ਇੰਗਲੈਂਡ (ਪੰਜਾਬੀ ਅਖ਼ਬਾਰ ਬਿਊਰੋ) ਬਰਤਾਨੀਆ ਵਿੱਚ ਇੱਕ ਭਾਰਤੀ ਮੂਲ ਦੇ ਬਜ਼ੁਰਗ ਭੀਮ ਸੇਨ ਕੋਹਲੀ ਦੀ ਮੌਤ ਮਾਮਲੇ ਵਿੱਚ ਦੋਸ਼ੀ ਪਾਏ ਗਏ 15 ਸਾਲਾ ਲੜਕੇ ਨੂੰ ਸੱਤ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ ਜਦੋਂ ਕਿ ਸਹਿ ਦੋਸ਼ੀ 13 ਸਾਲਾ ਲੜਕੀ ਜੇਲ੍ਹ ਦੀ ਸਜ਼ਾ ਤੋਂ ਬਚ ਗਈ। ਕੋਰਟ ਨੇ ਲੜਕੀ 'ਤੇ ਸਖ਼ਤ ਸ਼ਰਤਾਂ ਲਾਉਂਦਿਆਂ ਤਿੰਨ ਸਾਲ ਲਈ ਪੁਨਰਵਾਸ ਕੇਂਦਰ 'ਚ ਰਹਿਣ ਦੇ ਆਦੇਸ਼ ਦਿੱਤੇ ਹਨ। ਜਸਟਿਸ ਮਾਰਕ ਟਰਨਰ, ਜਿਨ੍ਹਾਂ ਨੇ ਲੈਸਟਰ ਕਰਾਊਨ ਕੋਰਟ ਤੋਂ ਟੈਲੀਵਿਜ਼ਨ 'ਤੇ ਸੁਣਵਾਈ ਦੌਰਾਨ ਸਜ਼ਾਵਾਂ ਸੁਣਾਈਆਂ, ਨੇ ਕੋਹਲੀ 'ਤੇ ਹੋਏ ਹਮਲੇ ਨੂੰ 'ਡਰਾਉਣਾ' ਦੱਸਿਆ। ਤੁਹਾਨੂੰ ਯਾਦ ਹੋਵੇਗਾ ਕਿ ਕੋਹਲੀ ਉੱਤੇ ਪਿਛਲੇ ਸਾਲ ਸਤੰਬਰ ਵਿੱਚ ਪੂਰਬੀ ਇੰਗਲੈਂਡ ਦੇ ਲੈਸਟਰ ਨੇੜੇ ਪਾਰਕ ਵਿੱਚ ਉਦੋਂ ਹਮਲਾ ਕੀਤਾ ਗਿਆ ਸੀ ਜਦੋਂ ਉਹ ਆਪਣੇ ਕੁੱਤੇ ਨੂੰ ਘੁੰਮਾ ਰਹੇ ਸਨ। ਅਪਰੈਲ ਵਿੱਚ ਜਿਊਰੀ ਨੇ ਲੜਕੇ ਨੂੰ ਕੋਹਲੀ ਨੂੰ ਮੁੱਕਾ ਮਾਰਨ ਅਤੇ ਲੱਤ ਮਾਰਨ ਅਤੇ ਕੁੜੀ ਨੂੰ ਹਮਲੇ ਦੀ ਫਿਲਮ ਬਣਾਉਣ ਅਤੇ ਉਤਸ਼ਾਹਿਤ ਕਰਨ ਲਈ ਦੋਸ਼ੀ ਠਹਿਰਾਇਆ ਸੀ।

# 12 ਮੁਲਕਾਂ ਦੇ ਲੋਕਾਂ ਨੂੰ ਅਮਰੀਕਾ ਵੜਨ ਤੋਂ ਰੋਕਿਆ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ 12 ਦੇਸ਼ਾਂ ਦੇ ਲੋਕਾਂ ਦੇ ਅਮਰੀਕਾ ਵਿੱਚ ਦਾਖ਼ਲ ਹੋਣ 'ਤੇ ਪਾਬੰਦੀ ਲਗਾ ਦਿੱਤੀ ਹੈ। ਇਨ੍ਹਾਂ ਦੇਸ਼ਾਂ ਦੇ ਲੋਕ ਅਮਰੀਕਾ ਦੀ ਯਾਤਰਾ ਨਹੀਂ ਕਰ ਸਕਦੇ। ਅਮਰੀਕੀ ਰਾਸ਼ਟਰਪਤੀ ਵੱਜੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ ਵੀ ਟਰੰਪ ਨੇ ਕਈ ਦੇਸ਼ਾਂ ਦੇ ਲੋਕਾਂ 'ਤੇ ਯਾਤਰਾ ਪਾਬੰਦੀ ਲਗਾਈ ਸੀ। ਹਾਲਾਂਕਿ, ਬਾਅਦ ਵਿੱਚ ਇਸ ਨੂੰ ਹਟਾ ਦਿੱਤਾ ਗਿਆ ਸੀ। ਟਰੰਪ ਨੇ ਅਮਰੀਕਾ ਦੀ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਸੱਤ ਹੋਰ ਦੇਸ਼ਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਹੈ। ਟਰੰਪ ਨੇ ਇੱਕ ਐਲਾਨਨਾਮੇ 'ਤੇ ਦਸਤਖ਼ਤ ਕੀਤੇ ਹਨ ਜਿਸ ਵਿੱਚ ਇੱਕ ਦਰਜਨ ਦੇਸ਼ਾਂ ਦੇ ਲੋਕਾਂ ਦੇ ਅਮਰੀਕਾ ਵਿੱਚ ਦਾਖ਼ਿਲ ਹੋਣ 'ਤੇ ਪਾਬੰਦੀ ਲਗਾਈ ਗਈ। ਇਨ੍ਹਾਂ ਦੇਸ਼ਾਂ ਵਿੱਚ ਅਫ਼ਗਾਨਿਸਤਾਨ, ਬਰਮਾ, ਚਾਡ, ਕਾਂਗੋ ਗਣਰਾਜ, ਇਕੂਟੇਰੀਅਲ ਗਿਨੀ, ਏਰੀਟਰੀਆ, ਹੈਤੀ, ਈਰਾਨ, ਲੀਬੀਆ, ਸੋਮਾਲੀਆ, ਸੁਡਾਨ ਅਤੇ ਯਮਨ ਸ਼ਾਮਲ ਹਨ। ਇਸ ਦੇ ਨਾਲ ਹੀ ਬੁਰੂੰਡੀ, ਕਿਊਬਾ, ਲਾਓਸ, ਸੀਅਰਾ ਲਿਓਨ, ਟੋਗੋ, ਤੁਰਕਮੇਨਿਸਤਾਨ ਅਤੇ ਵੈਨੇਜ਼ੁਏਲਾ ਤੋਂ ਆਉਣ ਵਾਲੇ ਲੋਕਾਂ 'ਤੇ ਸਖ਼ਤ ਪਾਬੰਦੀਆਂ ਲਗਾਉਣ ਦਾ ਫ਼ੈਸਲਾ ਕੀਤਾ ਗਿਆ ਹੈ।

# ਅਹਿਮਦਾਬਾਦ ਜਹਾਜ਼ ਹਾਦਸਾ: ਜਹਾਜ਼ ਦਾ ਬਲੈਕ ਬਾਕਸ ਬਰਾਮਦ, ਪਹਿਲਾਂ ਤੋਂ ਮੁਸੀਬਤ ਵਿੱਚ ਫਸੀ ਬੋਇੰਗ ਲਈ ਮੁਸ਼ਕਲਾਂ ਕਿੰਨੀਆਂ ਵਧਣਗੀਆਂ



ਗੁਜਰਾਤ ਦੇ ਸ਼ਹਿਰ ਅਹਿਮਦਾਬਾਦ 'ਚ ਲੰਘੇ ਦਿਨੀ ਏਅਰ ਇੰਡੀਆ ਦਾ ਇੱਕ ਯਾਤਰੀ ਜਹਾਜ਼ ਹਾਦਸਾਗ੍ਰਸਤ ਹੋ ਗਿਆ ਸੀ। ਲੰਦਨ ਲਈ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਇਹ ਜਹਾਜ਼ ਰਿਹਾਇਸ਼ੀ ਇਲਾਕੇ ਵਿੱਚ ਡਿੱਗ ਗਿਆ ਸੀ।

ਏਅਰ ਇੰਡੀਆ ਨੇ ਜਹਾਜ਼ 'ਚ ਸਵਾਰ ਕੁੱਲ 242 ਲੋਕਾਂ ਵਿੱਚੋਂ 241 ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਜਹਾਜ਼ ਵਿੱਚ 230 ਯਾਤਰੀ ਅਤੇ 12 ਚਾਲਕ ਦਲ ਦੇ ਮੈਂਬਰ ਮੌਜੂਦ ਸਨ।

ਇਸ ਘਟਨਾ ਵਿੱਚ ਭਾਰਤੀ ਮੂਲ ਦੇ ਇੱਕ ਬ੍ਰਿਟਿਸ਼ ਯਾਤਰੀ ਬਚਣ ਵਿੱਚ ਕਾਮਯਾਬ ਰਹੇ।

ਘਟਨਾ ਤੋਂ ਬਾਅਦ ਅਹਿਮਦਾਬਾਦ ਪਹੁੰਚੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ,



ਲਗਭਗ ਸਾਰੇ ਯਾਤਰੀਆਂ ਦੀਆਂ ਲਾਸ਼ਾਂ ਨੂੰ ਕੱਢਣ ਦਾ ਕੰਮ ਪੂਰਾ ਹੋ ਗਿਆ ਹੈ।

**ਬਲੈਕ ਬਾਕਸ ਹੋਇਆ ਬਰਾਮਦ**

ਗੁਜਰਾਤ ਦੇ ਅਹਿਮਦਾਬਾਦ ਵਿੱਚ ਹਾਦਸਾਗ੍ਰਸਤ ਹੋਏ ਜਹਾਜ਼ ਦਾ ਬਲੈਕ ਬੌਕਸ ਬਰਾਮਦ ਕਰ ਲਿਆ ਗਿਆ ਹੈ। ਸਿਵਲ ਏਵੀਏਸ਼ ਮੰਤਰੀ ਰਾਮ ਮੋਹਨ ਨਾਇਡੂ ਕਿੰਜਰਾਪੂ ਨੇ ਇਸਦੀ ਜਾਣਕਾਰੀ ਦਿੱਤੀ ਹੈ।

ਰਾਮ ਮੋਹਨ ਨਾਇਡੂ ਕਿੰਜਰਾਪੂ ਨੇ ਐਕਸ 'ਤੇ ਪੋਸਟ ਕੀਤਾ, "ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (ਏਏਆਈਬੀ) ਨੇ ਅਹਿਮਦਾਬਾਦ ਵਿੱਚ ਹਾਦਸੇ ਵਾਲੀ ਥਾਂ ਤੋਂ ਫਲਾਈਟ ਡਾਟਾ ਰਿਕਾਰਡਰ (ਬਲੈਕ ਬਾਕਸ) 28 ਘੰਟੇ ਵਿੱਚ ਬਰਾਮਦ ਕਰ ਲਿਆ ਹੈ। ਇਹ ਜਾਂਚ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਸ ਨਾਲ ਘਟਨਾ ਦੀ ਜਾਂਚ ਵਿੱਚ ਕਾਫ਼ੀ ਮਦਦ ਮਿਲੇਗੀ।" ਪਹਿਲਾਂ ਤੋਂ ਮੁਸੀਬਤ ਵਿੱਚ ਫਸੀ ਬੋਇੰਗ ਲਈ ਮੁਸ਼ਕਲਾਂ ਕਿੰਨੀਆਂ ਵਧਣੀਆਂ ਇਹ ਬੋਇੰਗ 787 ਡਰੀਮਲਾਇਨਰ ਦਾ ਪਹਿਲਾ ਹਾਦਸਾ ਹੈ। ਪਿਛਲੇ ਮਹੀਨੇ ਹੀ 787 ਡਰੀਮਲਾਇਨਰ ਨੇ ਸੌ ਕਰੋੜ ਤੋਂ ਵੱਧ ਯਾਤਰੀਆਂ ਨੂੰ ਸਫਰ ਕਰਵਾਉਣ ਦਾ ਰਿਕਾਰਡ ਬਣਾਇਆ ਸੀ। ਏਅਰ ਇੰਡੀਆ ਦਾ ਹਾਦਸੇ ਵਿੱਚ ਸ਼ਿਕਾਰ ਹੋਇਆ ਬੋਇੰਗ 787 ਡਰੀਮਲਾਇਨਰ 12 ਸਾਲ ਪਹਿਲਾਂ ਸੇਵਾ ਵਿੱਚ ਆਇਆ ਸੀ। ਏਅਰ ਇੰਡੀਆ ਕੋਲ ਅਜਿਹੇ 27 ਜਹਾਜ਼ ਹਨ, ਜਿਨ੍ਹਾਂ ਵਿੱਚੋਂ ਇੱਕ ਹੁਣ ਕ੍ਰੈਸ਼ ਹੋ ਚੁੱਕਿਆ ਹੈ। ਅਹਿਮਦਾਬਾਦ ਵਿੱਚ ਹੋਏ ਇਸ ਹਾਦਸੇ ਨੇ ਨਾ ਸਿਰਫ਼ ਬੋਇੰਗ 787 ਡਰੀਮਲਾਇਨਰ ਜਹਾਜ਼ ਦੇ ਸੁਰੱਖਿਆ ਰਿਕਾਰਡ ਨੂੰ ਖਰਾਬ ਕੀਤਾ, ਸਗੋਂ ਇਹ ਬੋਇੰਗ ਲਈ ਵੀ ਸਮੱਸਿਆਵਾਂ ਪੈਦਾ ਕਰ ਸਕਦਾ ਹੈ, ਜੋ ਪਹਿਲਾਂ ਹੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਹਾਲਾਂਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਬੋਇੰਗ ਦਾ ਕੋਈ ਜਹਾਜ਼ ਹਾਦਸਿਆਂ ਲਈ ਖ਼ਬਰਾਂ ਵਿੱਚ ਆਇਆ ਹੋਵੇ। 2018 ਅਤੇ 2019 ਵਿੱਚ ਇੰਡੋਨੇਸ਼ੀਆ ਅਤੇ ਇਥੋਪੀਆ ਵਿੱਚ ਬੋਇੰਗ ਦੇ ਜਹਾਜ਼ ਹਾਦਸਾਗ੍ਰਸਤ ਹੋਏ ਸਨ ਅਤੇ ਇਨ੍ਹਾਂ ਹਾਦਸਿਆਂ ਵਿੱਚ ਸੈਂਕੜੇ ਲੋਕਾਂ ਦੀ ਮੌਤ ਹੋ ਗਈ ਸੀ। ਉਸ ਸਮੇਂ ਬੋਇੰਗ 737 ਮੈਕਸ ਹਾਦਸਿਆਂ ਦਾ ਸ਼ਿਕਾਰ ਹੋਇਆ ਸੀ। ਇਹ ਡ?ਰੀਮਲਾਈਨਰ ਤੋਂ ਵੱਖਰਾ ਜਹਾਜ਼ ਹੈ। ਦੁਨੀਆਂ ਵਿੱਚ ਜ਼ਿਆਦਾਤਰ ਯਾਤਰੀ ਜਹਾਜ਼ ਇਸ ਸਮੇਂ ਦੋ ਹੀ ਕੰਪਨੀਆਂ ਬਣਾਉਂਦੀਆਂ ਹਨ, ਬੋਇੰਗ ਅਤੇ ਏਅਰਬਸ। ਬੋਇੰਗ ਕਈ ਸਾਲਾਂ ਤੋਂ ਵਿਵਾਦਾਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਹੈ। ਪਿਛਲੇ ਸਾਲ ਕੰਪਨੀ ਨੂੰ ਹਰ ਮਹੀਨੇ ਇੱਕ ਅਰਬ ਡਾਲਰ ਦਾ ਨੁਕਸਾਨ ਹੋਇਆ ਸੀ। ਹੁਣ ਇਸ ਹਾਦਸੇ ਨੇ ਸਪੱਸ਼ਟ ਤੌਰ 'ਤੇ ਬੋਇੰਗ ਲਈ ਮੁਸ਼ਕਲਾਂ ਵਧਾ ਦਿੱਤੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਹਿਮਦਾਬਾਦ ਵਿੱਚ ਉਸ ਜਗ੍ਹਾ 'ਤੇ ਪਹੁੰਚੇ ਜਿੱਥੇ ਨੂੰ ਏਅਰ ਇੰਡੀਆ ਦਾ ਜਹਾਜ਼ ਹਾਦਸਾਗ੍ਰਸਤ ਹੋਇਆ ਸੀ।

ਜਾਣਕਾਰੀ ਮੁਤਾਬਕ, ਉਨ੍ਹਾਂ ਨੇ ਹਾਦਸੇ ਵਾਲੀ ਥਾਂ 'ਤੇ ਕਰੀਬ 20 ਮਿੰਟ ਬਿਤਾਏ ਅਤੇ ਫਿਰ ਉਹ ਸਿਵਲ ਹਸਪਤਾਲ ਪਹੁੰਚੇ ਹਨ, ਜਿੱਥੇ ਉਨ੍ਹਾਂ ਨੇ ਜ਼ਖਮੀਆਂ ਨਾਲ ਮੁਲਾਕਾਤ ਕੀਤੀ।

**ਤਸਵੀਰਾਂ ਵਿੱਚ ਨਜ਼ਰ ਆਇਆ ਦੁੱਖ ਅਤੇ ਤਬਾਹੀ ਦਾ ਮੰਜ਼ਰ**

ਹਾਦਸੇ ਵਾਲੀ ਥਾਂ 'ਤੇ ਅਜੇ ਵੀ ਬਹੁਤ ਸਾਰਾ ਮਲਬਾ ਹੈ। ਜਹਾਜ਼ ਦਾ ਸੜਿਆ ਹੋਇਆ ਖੰਭ ਅਜੇ ਵੀ ਉੱਥੇ ਹੀ ਪਿਆ ਹੈ। ਬੀਬੀਸੀ ਪੱਤਰਕਾਰ ਵਿਕਾਸ ਪਾਂਡੇ ਦੀ ਜਾਣਕਾਰੀ ਮੁਤਾਬਕ, ਪ੍ਰਸ਼ਾਸਨ ਵੱਲੋਂ ਆਮ ਲੋਕਾਂ ਅਤੇ ਪੱਤਰਕਾਰਾਂ ਨੂੰ ਵੀ ਹਾਦਸੇ ਵਾਲੀ ਥਾਂ ਦੇ ਨੇੜੇ ਜਾਣ ਦੀ ਇਜਾਜ਼ਤ ਨਹੀਂ ਹੈ। ਜਾਂਚਕਰਤਾ ਘਟਨਾ ਵਾਲੀ ਥਾਂ 'ਤੇ ਪਹੁੰਚ ਰਹੇ ਹਨ। ਜਿਨ੍ਹਾਂ ਨੇ ਇਸ ਹਾਦਸੇ ਵਿੱਚ ਆਪਣਿਆਂ ਨੂੰ ਗੁਆ ਦਿੱਤਾ ਹੈ, ਉਹ ਬੁਰੀ ਤਰ੍ਹਾਂ ਸਦਮੇ ਵਿੱਚ ਹਨ।

**'ਮੈਂ ਸ਼ਾਇਦ ਕਦੇ ਜਹਾਜ਼ 'ਚ ਨਹੀਂ ਬੈਠ ਸਕਾਂਗਾ'**

ਅਹਿਮਦਾਬਾਦ ਹਾਦਸੇ ਤੋਂ ਬਾਅਦ ਉਨ੍ਹਾਂ ਦੇ ਲੋਕਾਂ ਦੇ ਮਨਾਂ ਵਿੱਚ ਵੀ ਡਰ ਹੈ ਜੋ ਅਕਸਰ ਹਵਾਈ ਯਾਤਰਾ ਕਰਦੇ ਹਨ। ਅਮਾਨ ਮਨਸੂਰੀ ਵੀ ਅਜਿਹੇ ਲੋਕਾਂ ਵਿੱਚੋਂ ਇੱਕ ਹਨ। ਹਾਦਸੇ ਤੋਂ ਸਿਰਫ਼ ਦੋ ਮਹੀਨੇ ਪਹਿਲਾਂ ਅਪ੍ਰੈਲ ਵਿੱਚ ਅਮਾਨ ਮਨਸੂਰੀ ਨੇ ਉਹੀ 1971 'ਚ ਯਾਤਰਾ ਕੀਤੀ ਸੀ ਜੋ ਹਾਦਸਾਗ੍ਰਸਤ ਹੋ ਗਈ ਹੈ। ਬੀਬੀਸੀ ਪੱਤਰਕਾਰ ਜ਼ੋਇਆ ਮਤੀਨ ਨਾਲ ਗੱਲ ਕਰਦਿਆਂ ਅਮਾਨ ਮਨਸੂਰੀ ਨੇ ਦੱਸਿਆ ਮੈਂ ਆਪਣੇ ਪਰਿਵਾਰ ਨਾਲ ਈਦ ਮਨਾਉਣ ਲਈ ਅਹਿਮਦਾਬਾਦ ਆਇਆ ਸੀ। ਮੈਂ ਪਹਿਲਾਂ ਵੀ ਤਿੰਨ ਵਾਰ ਉਹੀ ਉਡਾਣ, ਉਹੀ ਰਸਤਾ ਅਪਣਾਇਆ ਹੈ, ਇਹ ਮੇਰੇ ਲਈ ਇੱਕ ਰੁਟੀਨ ਵਾਂਗ ਸੀ ਅਤੇ ਮੈਂ ਕਦੇ ਵੀ ਅਸੁਰੱਖਿਅਤ ਮਹਿਸੂਸ ਨਹੀਂ ਕੀਤਾ। ਉਹ ਕਹਿੰਦੇ ਹਨ ਕਿ ਜਦੋਂ ਤੋਂ ਉਨ੍ਹਾਂ ਨੇ ਹਾਦਸੇ ਬਾਰੇ ਸੁਣਿਆ ਹੈ, ਉਹ ਸਦਮੇ 'ਚ ਹਨ ਅਤੇ ਡਰੇ ਹੋਏ ਹਨ।" ਉਨ੍ਹਾਂ ਕਿਹਾ, ਇੱਥੇ ਬੈਠਾ, ਮੈਂ ਅਜੇ ਵੀ ਇਹੀ ਸੋਚ ਰਿਹਾ ਹਾਂ ਕਿ ਇਹ ਕੀ ਹੋਇਆ। ਪਤਾ ਨਹੀਂ ਮੈਂ ਦੁਬਾਰਾ ਕਦੇ ਜਹਾਜ਼ 'ਚ ਬੈਠ ਵੀ ਸਕਾਂਗਾ ਕਿ ਨਹੀਂ।

'ਉਨ੍ਹਾਂ ਨੇ ਜਹਾਜ਼ 'ਚ ਬੈਠ ਕੇ ਵੀਡੀਓ ਕਾਲ ਕੀਤੀ ਸੀ ਪਰ ਮੈਂ ਚੁੱਕ ਨਾ ਸਕੀ'

ਹਰਿਆਣਾ ਦੇ ਕੁਰੂਕਸ਼ੇਤਰ ਦੇ ਇੱਕ ਪਿੰਡ ਦੀ ਇੱਕ ਮਹਿਲਾ ਦੀ ਵੀ ਇਸ ਜਹਾਜ਼ ਹਾਦਸੇ ਵਿੱਚ ਮੌਤ ਹੋ ਗਈ ਹੈ। ਦਰਅਸਲ ਮ੍ਰਿਤਕਾ ਇਸ ਪਿੰਡ ਦੇ ਧੀ ਸਨ ਅਤੇ ਗੁਜਰਾਤ ਵਿੱਚ ਰਹਿੰਦੇ ਸਨ। ਜਦੋਂ ਤੋਂ ਹਾਦਸੇ ਦੀ ਖ਼ਬਰ ਮਿਲੀ ਹੈ, ਉਨ੍ਹਾਂ ਦੇ ਇਸ ਪਿੰਡ ਵਿੱਚ ਚੁੱਪ ਪਸਰੀ ਹੋਈ ਹੈ ਅਤੇ ਉਨ੍ਹਾਂ ਦਾ ਪਰਿਵਾਰ ਸਦਮੇ ਵਿੱਚ ਹੈ। ਬੀਬੀਸੀ ਸਹਿਯੋਗੀ ਕਮਲ ਸੈਣੀ ਨਾਲ ਗੱਲਬਾਤ ਦੌਰਾਨ ਮ੍ਰਿਤਕਾ ਦੀ ਭੈਣ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਉਨ੍ਹਾਂ ਦੀ ਵੱਡੀ ਭੈਣ ਨੇ ਜਹਾਜ਼ ਵਿੱਚ ਚੜ੍ਹਨ ਤੋਂ ਬਾਅਦ ਉਨ੍ਹਾਂ ਨੂੰ ਵੀਡੀਓ ਕਾਲ ਕੀਤੀ ਸੀ ਪਰ ਉਹ ਕਾਲ ਨਹੀਂ ਚੁੱਕ ਸਕੇ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਬਹੁਤ ਪਛਤਾਵਾ ਹੈ।

**ਧੰਨਵਾਦ ਸਹਿਤ ਬੀਬੀਸੀ**













# ਕੈਨੇਡਾ 'ਚ 500 ਕਿੱਲੋ ਡਰੱਗ ਫੜੀ, 6 ਪੰਜਾਬੀਆਂ ਸਮੇਤ 9 ਗ੍ਰਿਫ਼ਤਾਰ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਸੂਬੇ ਓਨਟਾਰੀਓ ਦੀ ਪੀਲ ਰੀਜਨਲ ਪੁਲਿਸ ਨੇ ਡਰੱਗਜ਼ ਤਸਕਰੀ ਦੇ ਇੱਕ ਵੱਡੇ ਗਰੋਹ ਦਾ ਪਰਦਾਫਾਸ਼ ਕਰਦਿਆਂ 500 ਕਿਲੋ ਦੇ ਕਰੀਬ ਡਰੱਗਜ਼ ਦੇ ਨਾਲ 6 ਪੰਜਾਬੀਆਂ ਸਮੇਤ ਨੌਂ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਪੀਲ ਰੀਜਨਲ ਪੁਲਿਸ ਵੱਲੋਂ ਫੜੀ ਗਈ ਹੁਣ ਤੱਕ ਦੀ ਡਰੱਗਸ ਦੀ ਸਭ ਤੋਂ ਵੱਡੀ ਖੇਪ ਹੈ। ਪੀਲ ਰੀਜਨਲ ਪੁਲਿਸ ਦੇ ਅਧਿਕਾਰੀਆਂ ਨੇ ਮਿਸੀਸਾਗਾ ਵਿੱਚ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਹੈ ਕਿ ਡਰੱਗ ਤਸਕਰੀ ਦੇ ਇਸ ਗਰੋਹ ਦਾ ਪਰਦਾਫਾਸ਼ ਕਰਨ ਵਾਸਤੇ ਲਗਭਗ ਇੱਕ ਸਾਲ ਲੰਬੀ ਜਾਂਚ ਚਲਾਈ ਗਈ, ਜਿਸ ਨੂੰ ਪ੍ਰੋਜੈਕਟ ਪੈਲੀਕਨ ਨਾਮ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਵੱਲੋਂ ਕਮਰਸ਼ੀਅਲ ਟਰੱਕਾਂ ਰਾਹੀਂ ਅਮਰੀਕਾ ਤੋਂ ਸਰਹੱਦ ਪਾਰ ਕਰਕੇ ਕੈਨੇਡਾ ਵਿੱਚ ਇਹ ਡਰੱਗਸ ਲਿਆਈਆਂ ਜਾਂਦੀਆਂ ਸਨ। ਜਾਂਚ ਦੌਰਾਨ ਇਹ ਵੀ ਪਤਾ ਲੱਗਾ ਕਿ ਇਸ ਧੰਦੇ



ਵਿੱਚ ਕਈ ਟਰੱਕਿੰਗ ਕੰਪਨੀਆਂ ਅਤੇ ਸਟੋਰੇਜ ਫੈਸਿਲਿਟੀਆਂ ਵੀ ਸ਼ਾਮਿਲ ਸਨ ਅਤੇ ਬੜੇ ਹੀ ਔਰਗੈਨਾਈਜ਼ਡ ਢੰਗ ਦੇ ਨਾਲ ਇਸ ਅਪਰਾਧ ਨੂੰ ਅੰਜਾਮ ਦਿੱਤਾ ਜਾ ਰਿਹਾ ਸੀ। ਪੁਲਿਸ ਨੇ ਦੱਸਿਆ ਕਿ ਕੈਨੇਡਾ ਬਾਰਡਰ ਸਰਵਿਸ ਏਜੰਸੀ ਦੇ ਅਧਿਕਾਰੀਆਂ ਨੇ ਓਨਟਾਰੀਓ ਦੇ ਵਿੰਡਸਰ ਚ ਅਮਰੀਕਾ ਨਾਲ ਲੱਗਦੀ ਸਰਹੱਦ ਤੇ ਅੰਬੈਸਡਰ ਬਰਿਜ ਉੱਪਰ ਇੱਕ ਕਮਰਸ਼ੀਅਲ ਟਰੱਕ ਨੂੰ ਰੋਕਿਆ ਸੀ। ਉਸ ਵਿੱਚੋਂ 127 ਕਿਲੋਗ੍ਰਾਮ ਕੋਕੀਨ ਬਰਾਮਦ ਕੀਤੀ ਗਈ ਅਤੇ ਡਰਾਈਵਰ ਨੂੰ ਗ੍ਰਿਫਿਤਾਰ ਕੀਤਾ ਗਿਆ। ਇਸੇ ਤਰ੍ਹਾਂ ਓਂਟੈਰੀਓ ਦੇ ਹੀ ਪੁਆਇੰਟ ਐਡਵਰਡ ਵਿਖੇ ਬਲੂ ਵਾਟਰ ਬਰਿੱਜ ਉੱਪਰ ਇੱਕ ਹੋਰ ਟਰੱਕ ਨੂੰ ਰੋਕ ਕੇ ਉਸ ਦੀ ਤਲਾਸ਼ੀ ਲਈ ਗਈ ਤਾਂ ਉਸ ਵਿੱਚੋਂ 50 ਕਿਲੋ ਕੋਕੀਨ ਬਰਾਮਦ ਕੀਤੀ ਗਈ ਅਤੇ ਡਰਾਈਵਰ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਗਿਰਫਿਤਾਰੀ ਵਿੱਚ ਰੋਇਲ ਕਨੇਡੀਅਨ ਮਾਊਂਟਡ ਪੁਲਿਸ ਯਾਨੀ ਆਰਸੀਐਮਪੀ ਦੀ ਵੀ ਮੱਦਦ ਲਈ ਗਈ। ਪੀਲ ਰੀਜਨਲ ਪੁਲਿਸ ਦੇ ਮੁਖੀ ਨਿਸ਼ਾਨ ਦੁਰੀਆਪਾ ਨੇ ਦੱਸਿਆ ਕਿ ਪ੍ਰੋਜੈਕਟ ਪੈਲੀਕਨ ਤਹਿਤ 50 ਮਿਲੀਅਨ ਡਾਲਰ ਦੀਆਂ ਡਰੱਗਸ ਬਰਾਮਦ ਕੀਤੀਆਂ ਗਈਆਂ ਹਨ। ਅਤੇ ਜਿੰਨੀਆਂ ਡਰਗਸ ਬਰਾਮਦ ਕੀਤੀਆਂ ਗਈਆਂ ਹਨ ਉਸ ਨਾਲ ਹਜ਼ਾਰਾਂ ਲੋਕਾਂ ਦੀ ਜ਼ਿੰਦਗੀ ਨੂੰ ਬਚਾਇਆ ਜਾ ਸਕਿਆ ਹੈ। ਉਹਨਾਂ ਆਖਿਆ ਕਿ ਸਾਡਾ ਸਿੱਧਾ ਜਿਹਾ ਸੁਨੇਹਾ ਹੈ ਕਿ ਜੇਕਰ ਤੁਸੀਂ ਸਾਡੀਆਂ ਕਮਿਊਨਿਟੀਆਂ ਨੂੰ ਨਿਸ਼ਾਨਾ ਬਣਾਵੋਗੇ ਤਾਂ ਅਸੀਂ ਤੁਹਾਨੂੰ ਗ੍ਰਿਫਤਾਰ ਕਰਕੇ ਨਿਆ ਦੇ ਕਟਹਿਰੇ ਤੱਕ ਲੈ ਕੇ ਜਾਵਾਂਗੇ। ਇੱਕ ਜਾਂਚ ਕਰਤਾ ਨੇ ਇਹ ਵੀ ਦੱਸਿਆ ਹੈ ਕਿ ਗਿਰਫਤਾਰ ਕੀਤੇ ਗਏ ਲੋਕਾਂ ਵਿੱਚੋਂ ਕਈਆਂ ਕੋਲੋਂ ਕਈ ਕਿਸਮ ਦੇ ਹਥਿਆਰ ਵੀ ਬਰਾਮਦ ਕੀਤੇ ਗਏ ਹਨ। ਨੌਂ ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਉਹਨਾਂ ਵਿੱਚ ਬਰੈਂਪਟਨ ਦੇ ਰਹਿਣ ਵਾਲੇ ਅਰਵਿੰਦਰ ਪੋਵਾਰ , ਗੁਰਤੇਜ ਸਿੰਘ ਅਤੇ ਮਨਪ੍ਰੀਤ ਸਿੰਘ ਤੋਂ ਇਲਾਵਾ ਕੈਲਡਨ ਦੇ ਰਹਿਣ ਵਾਲਾ ਮਨਪ੍ਰੀਤ ਸਿੰਘ ਜੋਰਜਟੋਨ ਦਾ ਰਹਿਣ ਵਾਲਾ ਸ਼ਿਵ ?ਕਾਰ ਸਿੰਘ ਸ਼ਾਮਿਲ ਹਨ। ਇਸ ਤੋਂ ਇਲਾਵਾ ਟਰਾਂਟੋ ਦਾ ਰਹਿਣ ਵਾਲਾ ਸੱਜਿਥ ਯੋਗੇਂਦਰ ਰਾਜਾ ਹੈਮਿਲਟਨ ਦਾ ਰਹਿਣ ਵਾਲਾ ਫਿਲ ਟੈਪ ਅਤੇ ਮਿਸੀਸਾਗਾ ਦਾ ਰਹਿਣ ਵਾਲਾ ਹਾਓ ਟੋਮੀ ਸ਼ਾਮਿਲ ਹਨ ਤੁਹਾਨੂੰ ਇਹ ਵੀ ਦੱਸ ਦਈਏ ਕਿ ਪੀਲ ਰੀਜਨਲ ਪੁਲਿਸ ਨੇ ਪਿਛਲੇ ਸਾਲ ਜੁਲਾਈ ਵਿੱਚ ਹਥਿਆਰਾਂ ਦੀ ਵੀ ਸਭ ਤੋਂ ਵੱਡੀ ਖੇਪ ਬਰਾਮਦ ਕਰਕੇ 10 ਜਣੇ ਗ੍ਰਿਫਤਾਰ ਕੀਤੇ ਸਨ।

# ਟਰੰਪ ਕਹਿੰਦਾ ਕਿ ਇਹ ਤਾਂ ਬੱਚਿਆਂ ਵਾਂਗ ਲੜਦੇ ਹਨ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਅਤੇ ਯੂਕਰੇਨ ਵਿਚਕਾਰ ਤਿੰਨ ਸਾਲ ਤੋਂ ਚੱਲ ਰਹੀ ਲੜਾਈ ਦੇ ਸਬੰਧ ਵਿੱਚ ਟਿੱਪਣੀ ਕਰਦਿਆਂ ਹੋਇਆਂ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਖਿਆ ਹੈ ਕਿ ਦੋਵੇਂ ਦੇਸ਼ ਦੇਸ਼ਾਂ ਦੇ ਰਾਸ਼ਟਰਪਤੀ ਯਾਨੀ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਯੂਕਰੇਨ ਦੇ ਰਾਸ਼ਟਰਪਤੀ ਵਾਲਦੀਮੀਰ ਜੈਲਸਕੀ ਇਸ ਤਰ੍ਹਾਂ



ਲੜ ਰਹੇ ਹਨ ਜਿਸ ਤਰ੍ਹਾਂ ਪਾਰਕ ਵਿੱਚ ਦੋ ਬੱਚੇ ਲੜਦੇ ਹਨ ਇਸ ਲਈ ਉਹਨਾਂ ਆਖਿਆ ਕਿ ਇਸ ਤਰ੍ਹਾਂ ਲੜ ਰਹੇ ਦੋ ਜਣਿਆਂ ਨੂੰ ਕੁੱਝ ਦੇਰ ਲਈ ਲੜਨ ਦੇਣਾ ਚਾਹੀਦਾ ਹੈ ਅਤੇ ਬਾਅਦ ਵਿੱਚ ਉਹਨਾਂ ਨੂੰ ਇੱਕ ਦੂਜੇ ਤੋਂ ਲਾਂਭੇ ਕਰਨਾ ਚਾਹੀਦਾ ਹੈ। ਰਾਸ਼ਟਰਪਤੀ ਟਰੰਪ ਰੂਸ ਦੇ ਰਾਸ਼ਟਰਪਤੀ ਪੁਤਿਨ ਨਾਲ ਫੋਨ ਤੇ ਹੋਈ ਗੱਲਬਾਤ ਦੇ ਸਬੰਧ ਵਿੱਚ ਪੁੱਛੇ ਗਏ ਇੱਕ ਸਵਾਲ ਦਾ ਜਵਾਬ ਦੇ ਰਹੇ ਸਨ ਉਹਨਾਂ ਆਖਿਆ ਕਿ ਜੇਕਰ ਮੈਂ ਕਿਸੇ ਨਾਲ ਗੱਲ ਕਰ ਰਿਹਾ ਹਾਂ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਹ ਮੇਰਾ ਦੋਸਤ ਹੈ ਸਗੋਂ ਮੈਂ ਤਾਂ ਸਿਰਫ ਮਨੁੱਖਤਾ ਦੀ ਭਲਾਈ ਵਾਸਤੇ ਅਜਿਹਾ ਕਰ ਰਿਹਾ ਹਾਂ।

## ਹਥਿਆਰਾਂ ਤੋਂ ਇਲਾਵਾ ਨਸ਼ਾ ਵੀ ਫੜਿਆ ਗਿਆ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਦੀ ਪੀਲ ਰੀਜਨਲ ਪੁਲੀਸ ਨੇ ਇੱਕ ਔਰਤ ਸਮੇਤ ਚਾਰ ਪੰਜਾਬੀਆਂ ਨੂੰ ਗ੍ਰਿਫਤਾਰ ਕੀਤਾ ਹੈ ਜਦੋਂ ਕਿ ਬਾਅਦ ਵਿੱਚ ਇੱਕ ਹੋਰ ਵਿਅਕਤੀ ਨੂੰ ਵੀ ਗ੍ਰਿਫਤਾਰ ਕੀਤੇ ਜਾਣ ਦੀ ਸੂਚਨਾ ਹੈ। ਅਸਲ ਵਿੱਚ ਪੁਲਿਸ ਨੇ ਸ਼ੱਕ ਦੇ ਅਧਾਰ 'ਤੇ ਬਰੈਂਪਟਨ ਦੇ ਇੱਕ ਘਰ ਦੀ ਤਲਾਸ਼ੀ ਲਈ ਵਾਰੰਟ ਪ੍ਰਾਪਤ ਕੀਤੇ ਸਨ ਅਤੇ ਜਦੋਂ ਇਸ ਘਰ ਦੀ ਤਲਾਸ਼ੀ ਲਈ ਗਈ ਤਾਂ ਉਥੋਂ 2 ਗੈਰਕਨੂੰਨੀ ਸੈਮੀ ਆਟੋਮੈਟਿਕ ਬੰਦੂਕਾਂ ਤੋਂ ਇਲਾਵਾ ਫੈਂਟਾਨਿਲ, ਕੋਕੀਨ, ਅਤੇ ਮੈਥ ਵਰਗੀਆਂ ਡਰਗਜ਼ ਅਤੇ 30 ਹਜ਼ਾਰ ਡਾਲਰ ਦੀ ਕਰੰਸੀ ਮਿਲੀ ਜਿਸ ਦੇ ਚੱਲਦਿਆਂ ਚਾਰ ਜਣਿਆਂ ਨੂੰ ਗ੍ਰਿਫਤਾਰ ਕੀਤਾ ਗਈ। ਫੜੇ ਗਏ ਲੋਕਾਂ ਦੀ ਪਛਾਣ 27 ਸਾਲਾ ਕਰਨ ਔਜਲਾ ,24 ਸਾਲਾ ਹਰਵੀਰ ਬੈਂਸ ,24 ਸਾਲਾ ਜਸਮੀਤ ਹਰਸ਼ ਤੇ 27 ਸਾਲਾ ਔਰਤ ਨੋਮਾਣਾ ਦੌਦ ਵੱਜੋਂ ਹੋਈ ਹੈ। ਇਹ ਸਾਰੇ ਬਰੈਂਪਟਨ ਦੇ ਹੀ ਰਹਿਣ ਵਾਲੇ ਹਨ।ਬਾਅਦ ਵਿੱਚ ਉਨ੍ਹਾਂ ਦੇ ਪੰਜਵੇਂ ਸਾਥੀ ਨੌਰਥ ਯੌਰਕ ਵਾਸੀ ਐਲੇਕਸ ਪਰਮੋਲ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ।

## ਫਿਰੌਤੀਆਂ ਮੰਗਣ ਅਤੇ ਗੋਲੀਆਂ ਚਲਾਉਣ ਦੇ ਦੋਸ਼ਾਂ ਤਹਿਤ ਦੋ ਫੜੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਦੀ ਪੀਲ ਰੀਜਨਲ ਪੁਲੀਸ ਨੇ ਬਰੈਂਪਟਨ ਰਹਿੰਦੇ ਦੋ ਪੰਜਾਬੀ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਉੱਤੇ 24 ਅਪਰੈਲ ਨੂੰ ਬਰੈਂਪਟਨ ਦੇ ਰੇਨਡਰੌਪ ਟੈਰੇਸ ਅਤੇ ਮਿਸੀਸਾਗਾ ਰੋਡ ਸਥਿਤ ਘਰ 'ਤੇ ਗੋਲੀਆਂ ਚਲਾਉਣ ਦਾ ਦੋਸ਼ ਹੈ। ਜਾਂਚ ਦੌਰਾਨ ਪੁਲੀਸ ਨੇ ਦੋਵਾਂ ਮਸ਼ਕੂਕਾਂ ਦੀ ਪਛਾਣ ਕੀਤੀ। ਅਦਾਲਤੀ ਵਾਰੰਟਾਂ ਮਗਰੋਂ ਉਨ੍ਹਾਂ ਦੇ ਵਿਕਟੋਰੀਵਿਲੇ ਰੋਡ ਅਤੇ ਸਵੈਟਨ ਰੋਡ ਸਥਿਤ ਘਰ ਦੀ ਤਲਾਸ਼ੀ ਲਈ ਤਾਂ ਉੱਥੋਂ ਪੁਲੀਸ ਨੂੰ 9 ਐੱਮਐੱਮ ਦੀ ਗੈਰਕਾਨੂੰਨੀ ਰਾਈਫਲ , 33 ਗੋਲੀਆਂ ਸਮੇਤ ਵੱਡੀ ਮਾਤਰਾ ਵਿੱਚ ਡਰਗਜ਼ ਬਰਾਮਦ ਹੋਈਆਂ ਹਨ। ਫੜ੍ਹੇ ਗਏ ਵਿਅਕਤੀਆਂ ਦੀ ਪਛਾਣ ਮਨਿੰਦਰ ਸਿੰਘ (23) ਤੇ ਤੀਰਥ ਸਿੰਘ (24) ਵੱਜੋਂ ਕੀਤੀ ਗਈ ਹੈ। ਪੁਲੀਸ ਅਧਿਕਾਰੀਆਂ ਅਨੁਸਾਰ ਦੋਵਾਂ ਨੂੰ ਨਜਾਇਜ਼ ਮਾਰੂ ਅਸਲਾ ਅਤੇ ਨਸ਼ਾ ਰੱਖਣ ਦੇ ਦੋਸ਼ ਆਇਦ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ ਤੇ ਅਗਲੇ ਦਿਨਾਂ ਵਿੱਚ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਸੂਤਰਾਂ ਅਨੁਸਾਰ ਫੜ੍ਹੇ ਗਏ ਦੋਹਾਂ ਜਣਿਆਂ ਨੇ ਫਿਰੌਤੀ ਮੰਗਣ ਤੋਂ ਬਾਅਦ ਡਰਾਉਣ ਦੇ ਮੰਤਵ ਨਾਲ ਘਰ ਦੇ ਬਾਹਰ ਗੋਲੀਆਂ ਚਲਾਈਆਂ ਸਨ

## ਇਰਾਨ ਵੱਲੋਂ 9 ਅਤਿਵਾਦੀਆਂ ਨੂੰ ਫਾਂਸੀ ਲਾਉਣ ਦੀ ਪੁਸ਼ਟੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇਰਾਨ ਨੇ ਐਲਾਨ ਕੀਤਾ ਹੈ ਕਿ ਉਸ ਨੇ ਮੁਲਕ ਦੀਆਂ ਜੇਲ੍ਹਾਂ ਵਿੱਚ 2018 ਤੋਂ ਬੰਦ ਦਹਿਸ਼ਤਗਰਦ ਜਥੇਬੰਦੀ ਇਸਲਾਮੀ ਸਟੇਟ (Islaimc State of Iraq and Syira – ISIS) ਦੇ 9 ਅਤਿਵਾਦੀਆਂ ਨੂੰ ਫਾਂਸੀ ਲਾ ਦਿੱਤਾ ਹੈ। ਇਹ ਜਾਣਕਾਰੀ ਇਰਾਨੀ ਨਿਆਂਪਾਲਿਕਾ ਦੀ ਮਿਜ਼ਾਨ ਖ਼ਬਰ ਏਜੰਸੀ ਨੇ ਦਿੱਤੀ ਹੈ। ਏਜੰਸੀ ਨੇ ਕਿਹਾ ਹੈ ਕਿ ਆਈਐਸਆਈਐਸ ਦੇ ਇਹ ਦਹਿਸ਼ਤਗਰਦ ਇਰਾਨ ਦੇ ਨੀਮ-ਫ਼ੌਜੀ ਦਸਤੇ ਰੈਵੋਲਿਊਸ਼ਨਰੀ ਗਾਰਡਜ (ੲਵੋਲੁਟਿੋਨਅਰੇ ਘੁਅਰਦ) ਉਤੇ ਹੋਏ ਇਕ ਹਮਲੇ ਦੇ ਸਬੰਧ ਵਿੱਚ 2018 ਵਿੱਚ ਗ੍ਰਿਫ਼ਤਾਰ ਕੀਤੇ ਗਏ ਸਨ।ਬਿਆਨ ਵਿੱਚ ਕਿਹਾ ਗਿਆ ਹੈ ਕਿ ਉਸ ਹਮਲੇ ਵਿੱਚ 3 ਜਵਾਨਾਂ ਦੀ ਮੌਤ ਹੋ ਗਈ ਸੀ।

## ਏਅਰ ਇੰਡੀਆ ਦੀ ਫਲਾਈਟ ਵਿੱਚ ਬੰਬ ਦੀ ਅਫਵਾਹ ਕਾਰਣ ਐਮਰਜੈਂਸੀ ਲੈਂਡਿੰਗ ਹੋਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਥਾਈਲੈਂਡ ਦੇ ਫੁਕੇਟ ਤੋਂ ਨਵੀਂ ਦਿੱਲੀ ਜਾ ਰਹੀ ਏਅਰ ਇੰਡੀਆ ਦੀ ਉਡਾਣ ਨੂੰ ਅੱਜ ਬੰਬ ਦੀ ਧਮਕੀ ਮਿਲਣ ਮਗਰੋਂ ਵਾਪਸ ਫੁਕੇਟ ਦੇ ਹਵਾਈ ਅੱਡੇ 'ਤੇ ਐਮਰਜੈਂਸੀ ਲੈਂਡਿੰਗ ਕਰਨੀ ਪਈ ਹੈ। ਥਾਈਲੈਂਡ ਏਅਰਪੋਰਟਸ ਦੇ ਅਧਿਕਾਰੀ ਨੇ ਕਿਹਾ ਕਿ ਜਹਾਜ਼ ਦੇ ਲੈਂਡ ਕਰਨ ਮਗਰੋਂ ਸੁਰੱਖਿਆ ਪ੍ਰੋਟੋਕਾਲ ਮੁਤਾਬਕ ਯਾਤਰੀਆਂ ਨੂੰ ਫਲਾਈਟ ਏਆਈ 379 ਵਿੱਚੋਂ ਬਾਹਰ ਕੱਢਿਆ ਗਿਆ। ਫਲਾਈਟ ਵਿੱਚ 156 ਯਾਤਰੀ ਸਵਾਰ ਸਨ ਤੇ ਬੰਬ ਦੀ ਧਮਕੀ ਉਦੋਂ ਮਿਲੀ ਜਦੋਂ ਜਹਾਜ਼ ਹਵਾ ਵਿੱਚ ਸੀ। ਫਲਾਈਟ ਟਰੈਕਰ 'ਲਿਗਹਟਰਅਦਅਰ24 ਮੁਤਾਬਕ ਜਹਾਜ਼ ਨੇ ਫੁਕੇਟ ਹਵਾਈ ਅੱਡੇ ਤੋਂ ਸਵੇਰੇ 9:30 ਵਜੇ ਦੇ ਕਰੀਬ ਉਡਾਣ ਭਰੀ, ਪਰ ਇਹ ਅੰਡੇਮਾਨ ਸਾਗਰ ਉੱਤੇ ਇੱਕ ਵੱਡਾ ਚੱਕਰ ਲਾਉਣ ਮਗਰੋਂ ਫੁਕੇਟ ਦੇ ਹਵਾਈ ਅੱਡੇ 'ਤੇ ਮੁੜ ਆਇਆ। ਹਵਾਈ ਅੱਡਾ ਪ੍ਰਸ਼ਾਸਨ ਨੇ ਬੰਬ ਦੀ ਧਮਕੀ ਬਾਰੇ ਬਹੁਤੇ ਵੇਰਵੇ ਨਹੀਂ ਦਿੱਤੇ ਹਨ।














